ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ

ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ

ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON

24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2392 | 3 March, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


# ਈਰਾਨ-ਅਮਰੀਕਾ ਜੰਗ ਕਾਰਨ ਸਥਿਤੀ ਤਣਾਅਪੂਰਨ ਖਾੜੀ ਦੇਸ਼ਾਂ ਦੀਆਂ ਤੇਲ ਰਿਫਾਇਨਰੀਆਂ 'ਚ ਕੰਮ ਰੁਕਿਆ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਮਿਡਲ ਈਸਟ 'ਚ ਸਥਿਤੀ ਹੁਣ ਬਹੁਤ ਤਣਾਅਪੂਰਨ ਹੋ ਗਈ ਹੈ, ਅਤੇ ਯੁੱਧ ਦਾ ਦਾਇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਇਹ ਇਸ ਲਈ ਹੈ ਕਿਉਂਕਿ 27 ਫਰਵਰੀ ਨੂੰ, ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਨੇ ਸਾਂਝੇ ਤੌਰ 'ਤੇ ਈਰਾਨ 'ਤੇ ਹਮਲਾ ਕੀਤਾ, ਅਤੇ ਈਰਾਨ ਨੇ ਖਾੜੀ ਦੇਸ਼ਾਂ 'ਤੇ ਹਮਲਾ ਕਰਕੇ ਜਵਾਬੀ ਕਾਰਵਾਈ ਕੀਤੀ। ਨਤੀਜੇ ਵਜੋਂ, ਬਹੁਤ ਸਾਰੇ ਖਾੜੀ ਦੇਸ਼ਾਂ ਨੂੰ ਤੇਲ ਅਤੇ ਗੈਸ ਉਤਪਾਦਨ ਬੰਦ ਕਰਨਾ ਪਿਆ। ਖਾੜੀ ਦੇਸ਼ ਦੁਨੀਆ ਵਿੱਚ ਸਭ ਤੋਂ ਵੱਧ ਤੇਲ ਪੈਦਾ ਕਰਦੇ ਹਨ, ਜੋ ਕਿ ਦੁਨੀਆ ਦੇ ਤੇਲ ਉਤਪਾਦਨ ਦਾ 31 ਪ੍ਰਤੀਸ਼ਤ ਤੋਂ ਵੱਧ ਹੈ। ਈਰਾਨ 'ਤੇ ਹਮਲੇ ਕਰਨ ਤਿੰਨ ਦਿਨਾਂ ਤੋਂ ਇਹ ਸੰਕਟ ਚੱਲ ਰਿਹਾ ਹੈ।ਸਾਊਦੀ ਅਰਬ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ ਵਿੱਚ ਕੰਮ ਰੋਕ ਦਿੱਤਾ ਗਿਆ ਹੈ। ਕਤਰ ਦਾ ਸਭ ਤੋਂ ਵੱਡਾ ਗੈਸ ਪਲਾਂਟ ਵੀ ਠੱਪ ਹੈ। ਇਹ ਦੱਸਿਆ ਗਿਆ ਹੈ ਕਿ ਉਤਪਾਦਨ ਨੂੰ ਰੋਕਣ ਦਾ ਫੈਸਲਾ ਰਾਸ ਤਨੁਰਾ ਰਿਫਾਇਨਰੀ 'ਤੇ ਡਰੋਨ ਹਮਲੇ ਤੋਂ ਬਾਅਦ ਲਿਆ ਗਿਆ ਸੀ। ਇਹ ਰਿਫਾਇਨਰੀ ਰੋਜ਼ਾਨਾ 550,000 ਬੈਰਲ ਕੱਚਾ ਤੇਲ ਪੈਦਾ ਕਰਦੀ ਹੈ। ਇਹ ਇੱਕ ਝਟਕਾ ਹੈ ਕਿਉਂਕਿ ਇਹ ਨਾ ਸਿਰਫ਼ ਕੱਚਾ ਤੇਲ ਪੈਦਾ ਕਰਦੀ ਹੈ ਬਲਕਿ ਸਾਊਦੀ ਕੱਚੇ ਤੇਲ ਲਈ ਇੱਕ ਨਿਰਯਾਤ ਟਰਮੀਨਲ ਵਜੋਂ ਵੀ ਕੰਮ ਕਰਦੀ ਹੈ।ਇਸ ਸਮੇਂ ਇਰਾਕੀ ਕੁਰਦਿਸਤਾਨ ਅਤੇ ਇਜ਼ਰਾਈਲੀ ਗੈਸ ਖੇਤਰਾਂ ਵਿੱਚ ਵੀ ਕੰਮਕਾਜ ਮੁਅੱਤਲ ਹੈ। ਪੱਛਮੀ ਏਸ਼ੀਆ ਵਿੱਚ ਬੰਦ ਅਤੇ ਸੰਕਟ ਕਾਰਨ, ਤੇਲ ਦੀਆਂ ਕੀਮਤਾਂ ਅਸਮਾਨ ਛੂਹ ਗਈਆਂ ਹਨ। ਕੱਚੇ ਤੇਲ ਦੀਆਂ ਕੀਮਤਾਂ 13 ਪ੍ਰਤੀਸ਼ਤ ਤੋਂ ਵੱਧ ਵਧੀਆਂ ਹਨ। ਗਲੋਬਲ ਬੈਂਚਮਾਰਕ ਬ੍ਰੈਂਟ ਕਰੂਡ ਸੋਮਵਾਰ ਨੂੰ 13 ਪ੍ਰਤੀਸ਼ਤ ਵਧ ਕੇ $82 ਪ੍ਰਤੀ ਬੈਰਲ ਤੋਂ ਵੱਧ ਹੋ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਥਿਤੀ ਜਲਦੀ ਨਹੀਂ ਸੁਧਰੀ, ਤਾਂ ਇਹ $100 ਪ੍ਰਤੀ ਬੈਰਲ ਤੱਕ ਪਹੁੰਚ ਸਕਦਾ ਹੈ।ਈਰਾਨ ਦੇ ਲਗਾਤਾਰ ਹਮਲਿਆਂ ਕਾਰਨ ਸਾਵਧਾਨੀ ਵਜੋਂ ਸੋਮਵਾਰ ਨੂੰ ਕਤਰ ਨੇ ਗੈਸ ਉਤਪਾਦਨ ਬੰਦ ਕਰ ਦਿੱਤਾ। ਕਤਰ ਦੀ ਸਰਕਾਰੀ ਮਾਲਕੀ ਵਾਲੀ ਕੰਪਨੀ, ਕਤਰ ਊਰਜਾ, ਨੇ ਈਰਾਨੀ ਡਰੋਨ ਹਮਲਿਆਂ ਤੋਂ ਬਾਅਦ ਗੈਸ ਉਤਪਾਦਨ ਬੰਦ ਕਰ ਦਿੱਤਾ ਹੈ। ਕਤਰ ਦੁਨੀਆ ਦੀ 20% ਗੈਸ ਸਪਲਾਈ ਕਰਦਾ ਹੈ। ਏਸ਼ੀਆਈ ਅਤੇ ਯੂਰਪੀ ਦੇਸ਼ ਕਤਰ ਦੀ ਗੈਸ ਦੇ ਸਭ ਤੋਂ ਵੱਡੇ ਖਰੀਦਦਾਰ ਹਨ। ਈਰਾਨੀ ਡਰੋਨਾਂ ਨੇ ਦੱਖਣੀ ਕਤਰ ਦੇ ਮੇਸਾਈਦ ਉਦਯੋਗਿਕ ਜ਼ੋਨ 'ਤੇ ਵੀ ਹਮਲਾ ਕੀਤਾ। ਇਹ ਗੈਸ ਖੇਤਰ ਤੋਂ ਬਹੁਤ ਦੂਰ ਹੈ, ਪਰ ਇਸ ਵਿੱਚ ਪੈਟਰੋ ਕੈਮੀਕਲ ਅਤੇ ਨਿਰਮਾਣ ਸਹੂਲਤਾਂ ਹਨ। ਉਤਪਾਦਨ ਰੁਕਣ ਕਾਰਨ ਗੈਸ ਦੀਆਂ ਕੀਮਤਾਂ ਵਿੱਚ 46% ਦਾ ਵਾਧਾ ਹੋਇਆ ਹੈ।ਇਜ਼ਰਾਈਲ ਅਤੇ ਈਰਾਨ ਵਿੱਚ ਤੇਲ ਅਤੇ ਗੈਸ ਉਤਪਾਦਨ ਵੀ ਰੁਕ ਗਿਆ ਹੈ। ਈਰਾਨੀ ਹਮਲਿਆਂ ਤੋਂ ਬਾਅਦ, ਇਜ਼ਰਾਈਲ ਨੇ ਆਪਣੇ ਦੋ ਗੈਸ ਖੇਤਰਾਂ ਅਤੇ ਹਾਈਫਾ ਤੇਲ ਰਿਫਾਇਨਰੀ ਦੀਆਂ ਕੁਝ ਇਕਾਈਆਂ 'ਤੇ ਉਤਪਾਦਨ ਬੰਦ ਕਰ ਦਿੱਤਾ ਹੈ। ਹਾਇਫਾ ਤੇਲ ਰਿਫਾਇਨਰੀ ਪ੍ਰਤੀ ਦਿਨ 197,000 ਬੈਰਲ ਤੇਲ ਦਾ ਉਤਪਾਦਨ ਕਰਦੀ ਹੈ। ਇਜ਼ਰਾਈਲੀ ਸਰਕਾਰ ਨੇ ਕਰਿਸ਼ ਗੈਸ ਫੀਲਡ ਵਿਖੇ ਉਤਪਾਦਨ ਨੂੰ ਅਸਥਾਈ ਤੌਰ 'ਤੇ ਰੋਕਣ ਦਾ ਆਦੇਸ਼ ਦਿੱਤਾ ਹੈ। ਦੇਸ਼ ਦੇ ਸਭ ਤੋਂ ਵੱਡੇ ਗੈਸ ਫੀਲਡ, ਲੇਵੀਆਥਨ ਨੂੰ ਵੀ ਸਾਵਧਾਨੀ ਵਜੋਂ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਹਾਇਫਾ ਰਿਫਾਇਨਰੀ ਨੇ ਇਹ ਵੀ ਦੱਸਿਆ ਕਿ ਉਸਨੇ ਆਪਣੀਆਂ ਕੁਝ ਯੂਨਿਟਾਂ 'ਤੇ ਅਸਥਾਈ ਤੌਰ 'ਤੇ ਕੰਮ ਬੰਦ ਕਰ ਦਿੱਤਾ ਹੈ।ਸ਼ਨੀਵਾਰ ਨੂੰ, ਈਰਾਨ ਦੇ ਖਾਰਗ ਟਾਪੂ 'ਤੇ ਧਮਾਕੇ ਸੁਣੇ ਗਏ। ਈਰਾਨ ਆਪਣੇ ਕੱਚੇ ਤੇਲ ਦੇ ਨਿਰਯਾਤ ਦਾ 90% ਉੱਥੇ ਪ੍ਰਕਿਰਿਆ ਕਰਦਾ ਹੈ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਤੇਲ ਖੇਤਰ ਦਾ ਕੀ ਪ੍ਰਭਾਵ ਪਿਆ ਹੈ। ਈਰਾਨ ਤੀਜਾ ਸਭ ਤੋਂ ਵੱਡਾ ਉਤਪਾਦਕ ਹੈ। ਈਰਾਨ ਦੁਨੀਆ ਦੇ ਕੱਚੇ ਤੇਲ ਦਾ 4.5% ਸਪਲਾਈ ਕਰਦਾ ਹੈ। ਈਰਾਨ ਪ੍ਰਤੀ ਦਿਨ ਲਗਭਗ 5 ਮਿਲੀਅਨ ਬੈਰਲ ਕੱਚਾ ਤੇਲ ਪੈਦਾ ਕਰਦਾ ਹੈ।ਇਸ ਤੋਂ ਇਲਾਵਾ, ਇਰਾਕੀ ਕੁਰਦਿਸਤਾਨ ਦੀਆਂ ਕੰਪਨੀਆਂ ਜਿਨ੍ਹਾਂ ਵਿੱਚ ਡੀਐਨਓ ਗਲਫ ਕੀਸਟੋਨ ਪੈਟਰੋਲੀਅਮ ਅਤੇ ਦਾਨਾ ਗੈਸ ਸ਼ਾਮਲ ਹਨ, ਨੇ ਸਾਵਧਾਨੀ ਵਜੋਂ ਉਤਪਾਦਨ ਰੋਕ ਦਿੱਤਾ ਹੈ। ਇਸ ਨਾਲ ਤੁਰਕੀ ਰਾਹੀਂ 200,000 ਬੈਰਲ ਕੱਚੇ ਤੇਲ ਦਾ ਰੋਜ਼ਾਨਾ ਨਿਰਯਾਤ ਰੁਕ ਗਿਆ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce

Fremont:
44790 S. GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W. Shaw Ave. Suit No. 3008 (Near Costco), Fresno, CA 93722
Phone: 599-271-5511


RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

Kirandeep Kaur
Realtor ® CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of Ashwani K.Bhakhri
1299 Bayshore Hwy Suite 208
Burlingame, CA 94010

ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots

Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000


THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137


Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....

Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਵਗੀ ਪੂਰੇ ਦੀ 'ਵਾ ਪੰਜਾਬੇ



SANJHI SOCH
ਗੁਰਮੀਤ ਸਿੰਘ ਪਲਾਹੀ
98158-02070

ਇੱਕੋ ਸਾਲ ਰਹਿ ਗਿਆ ਪੰਜਾਬ ਦੇ ਹਾਕਮਾਂ ਦੀ ਮੁੜ ਚੋਣ ਲਈ। ਹੁਣੇ ਤੋਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ, ਉਹਨਾਂ ਪਰ ਤੋਲਣੇ ਸ਼ੁਰੂ ਕਰ ਲਏ ਹਨ। ਰਾਸ਼ਟਰੀ ਧਿਰਾਂ ਕਾਂਗਰਸ, ਭਾਜਪਾ, ਹਾਕਮ ਧਿਰ ਆਮ ਆਦਮੀ ਪਾਰਟੀ, ਖੇਤਰੀ ਧਿਰਾਂ-ਅਕਾਲੀ ਦਲ, ਬਸਪਾ ਅਤੇ ਖੱਬੀਆਂ ਧਿਰਾਂ ਸਮਾਂ ਰਹਿੰਦਿਆਂ ਹੀ ਸਰਗਰਮ ਦਿਸਣ ਲੱਗ ਪਈਆਂ ਹਨ। ਪੰਜਾਬ ਦੀ ਡੋਰ ਸੰਭਾਲਣ ਵਾਲੀ ਮਜ਼ਬੂਤ ਧਿਰ 'ਕਾਂਗਰਸ' ਦੇ ਨੇਤਾ ਰਾਹੁਲ ਗਾਂਧੀ ਨੇ ਬਰਨਾਲਾ 'ਚ ਚੋਣ ਬਿਗਲ ਵਜਾਉਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਤੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਦੇ ਹਿੱਤ ਅਮਰੀਕਾ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉੱਥੇ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ 'ਭਾਜਪਾ' ਦੀ "ਬੀ" ਟੀਮ ਵਜੋਂ ਕੰਮ ਕਰ ਰਹੀ ਹੈ।

ਨਰੇਂਦਰ ਮੋਦੀ ਕੁਝ ਦਿਨ ਪਹਿਲਾਂ ਜਲੰਧਰ ਲਾਗਲੇ ਡੇਰਾ ਬੱਲਾਂ ਪਧਾਰੇ। ਇੱਕ ਨਵੀਂ ਇਬਾਰਤ ਲਿਖ ਗਏ। ਇੱਕ ਸ਼ਕਤੀਸ਼ਾਲੀ ਧਿਰ ਨੂੰ ਆਪਣੇ ਹੱਕ 'ਚ ਕਰਨ ਲਈ ਕੁਝ ਇਹੋ ਜਿਹੇ "ਬਚਨ-ਵਿਲਾਸ" ਕਰ ਗਏ, ਜਿਹਨਾਂ ਨੇ "ਡਬਲ ਇੰਜਣ" ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੈ।

ਹਾਕਮ ਧਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਕੇਜਰੀਵਾਲ ਅਤੇ ਪੰਜਾਬ ਸਰਕਾਰ "ਯੁੱਧ ਨਸ਼ਿਆਂ ਵਿਰੁੱਧ" ਦੇ ਦੂਜੇ ਪੜਾਅ 'ਚ ਲੋਕਾਂ ਨੂੰ ਸ਼ਾਮਲ ਕਰਨ ਲਈ ਪੱਬਾਂ ਭਾਰ ਹੈ। ਖੇਤਰੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ, ਥਾਂ-ਥਾਂ ਪੁੱਜਕੇ ਆਪਣੇ "ਇਲਾਕਾ ਉਮੀਦਵਾਰਾਂ" ਹੁਣੇ ਤੋਂ ਐਲਾਨਣ ਲੱਗ ਪਏ ਹਨ। ਪਿਛਲੇ ਦਿਨੀਂ ਕਰਵਾਈਆਂ ਗਈਆਂ ਬਲਾਕ ਸੰਮਤੀ ਚੋਣਾਂ 'ਚ ਲੋਕਾਂ ਦੇ ਚੰਗੇ ਹੁੰਗਾਰੇ ਤੋਂ ਉਹ ਵਾਹਵਾ ਉਤਸ਼ਾਹਿਤ ਹਨ।

ਇਸੇ ਸਭ ਕੁਝ ਦਰਮਿਆਨ ਕੱਲ੍ਹ ਖ਼ਬਰ ਛਪੀ ਰਾਮਾਮੰਡੀ (ਬਠਿੰਡਾ) ਨੇੜਲੇ ਪਿੰਡ ਕਮਾਲੂ ਦੇ 20 ਵਰ੍ਹਿਆਂ ਦਾ ਨੌਜਵਾਨ ਚਿੱਟੇ ਵੀ ਭੇਟ ਚੜ੍ਹ ਗਿਆ। ਪਿੰਡ ਪ੍ਰੇਸ਼ਾਨ ਹੈ। ਫਿਰੋਜ਼ਪੁਰ ਦੇ ਬਲਾਕ ਮਖੂ ਦੇ ਪਿੰਡ ਨਿਜ਼ਾਮਵਾਲਾ ਦਾ 25 ਸਾਲ ਦਾ ਨੌਜਵਾਨ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮਰ ਗਿਆ। ਮਰਨ ਵਾਲਾ ਪਿਛੇ ਪਤਨੀ, ਪੁੱਤਰ, ਦੋ ਪੁੱਤਰੀਆਂ ਛੱਡ ਗਿਆ। ਮਾਪੇ ਤੇ ਪੂਰਾ ਸਮਾਜ ਉਦਾਸ ਹੈ। ਹਾਲੇ ਦੋ ਕੁ ਦਿਨ ਪਹਿਲਾਂ ਪੰਜਾਬ ਪੁਲਸ ਦਾ ਇੱਕ ਸਿਪਾਹੀ ਤੇ ਇੱਕ ਹੋਮ ਗਾਰਡ ਗੋਲੀਆਂ ਨਾਲ ਬੈਠੇ-ਸੁੱਤੇ ਭੁੰਨ ਦਿੱਤੇ ਗਏ। ਨੌਜਵਾਨ ਕਰਨੈਲ ਸਿੰਘ ਦਾ ਇਸੇ ਘਟਨਾ ਦੇ ਸਿੱਟੇ ਵਜੋਂ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ।

ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜੱਥੇਬੰਦੀ ਉਗਰਾਹਾਂ ਵਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਵਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ । ਪੂਰੇ ਪੰਜਾਬ 'ਚ ਇਹੋ ਜਿਹਾ ਮਾਹੌਲ ਸਿਰਜਿਆ ਗਿਆ ਕਿ ਹਾਕਮ ਧਿਰ, ਪਰਜਾ ਤੋਂ ਉੱਪਰ ਹੈ, ਉਸ ਉੱਤੇ ਚੁੱਕੇ ਗਏ ਸਵਾਲ ਬਰਦਾਸ਼ਤ ਕਰਨ ਯੋਗ ਨਹੀਂ। ਸੂਬੇ 'ਚ ਕਿਸਾਨ ਅੰਦੋਲਨ ਕਰ ਰਹੇ ਹਨ, ਉਹਨਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ। ਮੁਲਾਜ਼ਮਾਂ ਦੀਆਂ ਉਹ ਮੰਗਾਂ ਜਿਹਨਾਂ ਨੂੰ ਮੰਨਣ ਦਾ ਵਾਇਦਾ "ਆਮ ਆਦਮੀ ਪਾਰਟੀ" ਨੇ ਆਪਣੇ ਚੋਣ ਪ੍ਰਚਾਰ ਸਮੇਂ ਕੀਤਾ ਸੀ, ਉਸ ਤੋਂ ਮੁਕਰਿਆ ਜਾ ਰਿਹਾ ਹੈ।

ਗੱਲ ਦੂਰ ਦੀ ਕਿਉਂ ਕਰੀਏ, ਇੱਕ ਉਸ ਵਾਰ ਦੀ ਕਰ ਲੈਂਦੇ ਹਾਂ, ਜਦੋਂ ਅਕਾਲੀ-ਭਾਜਪਾ ਇਕੱਠੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਾਈ ਬੈਠੇ ਸਨ। ਗੱਲ ਉਸ ਵੇਲੇ ਦੀ ਵੀ ਕਰ ਲੈਂਦੇ ਹਨ ਜਦੋਂ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣਿਆ ਰਿਹਾ ਅਤੇ ਗੱਲ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਕਰਨੀ ਬਣਦੀ ਹੈ। ਗੱਲ ਇਹਨਾਂ ਦੀਆਂ ਸਖ਼ਸ਼ੀਅਤਾਂ ਦੀ ਕਿਉਂ ਕਰੀਏ ਕਿ ਉਹ ਕੀ ਸਨ, ਕੀ ਹਨ, ਗੱਲ ਤਾਂ ਉਹਨਾਂ ਦੇ ਕਾਰਜ ਕਾਲ ਦੌਰਾਨ "ਪੰਜਾਬ" ਨੂੰ ਦਿੱਤੇ ਯੋਗਦਾਨ ਦੀ ਕਰਨੀ ਚਾਹੀਦੀ ਹੈ। ਉਸ ਪੰਜਾਬ ਦੀ ਜਿਹੜਾ ਆਜ਼ਾਦੀ ਤੋਂ ਬਾਅਦ ਲਗਾਤਾਰ ਕੋਹਿਆ ਗਿਆ, ਕੁੱਟਿਆ ਗਿਆ, ਭੰਨਿਆ ਗਿਆ ਅਤੇ ਜਿਸ ਦਾ ਪੋਟਾ-ਪੋਟਾ ਨਪੀੜਿਆ, ਲਿਤਾੜਿਆ ਗਿਆ ਅਤੇ ਜਿਸਦੇ ਵਸ਼ਿੰਦੇ ਇਹਨਾਂ ਵਰ੍ਹਿਆਂ 'ਚ ਦੇਸੋਂ ਪਰਦੇਸੀ ਹੋਏ, ਓਪਰੇ ਹੋਏ, ਪਰਾਏ ਕਰ ਦਿੱਤੇ ਗਏ ਅਤੇ ਜਿਹਨਾਂ ਪੰਜਾਬੀਆਂ ਇੱਥੇ ਰਹਿਕੇ ਹੱਕ-ਸੱਚ ਲਈ ਅਵਾਜ਼ ਉਠਾਈ, ਉਹ ਇਸ ਜਹਾਨ ਤੋਂ ਹੀ ਤੋਰ ਦਿੱਤੇ ਗਏ।

ਇਹਨਾਂ ਵਰ੍ਹਿਆਂ 'ਚ ਪੰਜਾਬ ਨੂੰ ਨਾ '47 ਭੁਲਿਆ, ਨਾ ਚੌਰਾਸੀ। ਨਾ ਪੰਜਾਬ ਨੂੰ ਗਰਮ ਲਹਿਰਾਂ 'ਚ ਬੇਦੋਸ਼ੇ ਮਾਰੇ ਗਏ ਨੌਜਵਾਨ ਭੁਲੇ, ਨਾ ਬੱਸਾਂ 'ਚੋਂ ਕੱਢ-ਕੱਢ ਕੇ ਮਾਰੇ ਗਏ ਬੇਕਸੂਰੇ। ਨਾ ਪੰਜਾਬ ਨੂੰ ਇਹ ਭੁਲਿਆ ਕਿ ਪੰਜਾਬ ਦੇ ਪਾਣੀ ਖੋਹੇ ਗਏ, ਅਤੇ ਨਾ ਹੀ ਭੁਲਿਆ ਕਿ 1966 'ਚ ਪੁਨਰਗਠਨ ਸਮੇਂ ਉਸ ਦੀ ਉਹ ਰਾਜਧਾਨੀ ਖੋਹ ਲਈ ਗਈ, ਜਿਹੜੀ ਪੰਜਾਬ ਦੇ ਪਿੰਡਾਂ ਨੂੰ ਉਜਾੜਕੇ ਬਣਾਈ ਗਈ। ਨਾ ਹੀ ਪੰਜਾਬ ਇਹ ਭੁਲ ਸਕਿਆ ਕਿ ਦਿੱਲੀ ਦੇ ਹਾਕਮ ਨਿਤ-ਦਿਹਾੜੇ, ਉਸ ਨਾਲ ਦੁਪਰਿਆਰਾ ਸਲੂਕ ਕਰਦੇ ਹਨ, ਬਾਵਜੂਦ ਇਸ ਗੱਲ ਦੇ ਕਿ ਉਹ ਦੇਸ਼ ਦਾ ਅੰਨਦਾਤਾ ਹੈ। ਬਾਵਜੂਦ ਇਸ ਗੱਲ ਦੇ ਕਿ ਹਰੀ ਕ੍ਰਾਂਤੀ ਨੇ ਉਸਦੀ ਉਪਜਾਊ ਧਰਤੀ ਖੋਹ ਲਈ, ਖੋਖਲੀ ਕਰ ਦਿੱਤੀ, ਜ਼ਹਿਰਾਂ ਨਾਲ ਭਰ ਦਿੱਤੀ ਤੇ ਸਿੱਟੇ ਵਜੋਂ ਪੰਜਾਬ ਦਾ ਪਾਣੀ ਮੁਕਾ ਦਿੱਤਾ। ਪੱਲੇ ਕੈਂਸਰ ਪਾ ਦਿੱਤਾ। ਖੁਦਕੁਸ਼ੀਆਂ ਕਰਨ ਵਾਲੇ ਜੀਵਨ ਦੇ ਰਾਹ ਪਾ ਦਿੱਤਾ।

ਪੰਜ ਦਰਿਆਵਾਂ ਦੀ ਧਰਤੀ, ਵੱਢ-ਟੁੱਕ ਕੇ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤੀ ਗਈ। ਕਿਸਾਨ ਮਜ਼ਦੂਰ ਔਖੇ ਰਾਹੀਂ ਪਾ ਦਿੱਤੇ ਗਏ। ਕਿਸਾਨਾਂ ਦੀਆਂ ਜ਼ਮੀਨਾਂ ਦੇ ਛੋਟੇ-ਛੋਟੇ ਟੁੱਕੜੇ ਹਥਿਆਉਣ ਲਈ ਵੀ ਪਹਿਲਾਂ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਫਿਰ ਮੌਜੂਦਾ ਸੂਬਾ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਨਵੀਆਂ ਤਰਕੀਬਾਂ ਕੱਢ ਮਾਰੀਆਂ। ਵੱਡੇ-ਵੱਡੇ ਮਾਰਗ ਪੰਜਾਬ ਦੀ ਛਾਤੀ ਚੀਰ ਕੇ ਬਣਾਏ ਜਾਣ ਲੱਗੇ ਹਨ।

ਹਾਈਵੇ ਥਾਂ-ਥਾਂ ਬਣਾਕੇ ਕਿਸਾਨਾਂ ਦੀ ਜ਼ਮੀਨ ਕਿਧਰੇ ਟੋਟਿਆਂ 'ਚ ਵੰਡੀ ਜਾ ਰਹੀ ਹੈ ਅਤੇ ਕਿਧਰੇ ਹਾਈਵੇਜ਼ ਬਣਾਏ ਜਾ ਰਹੇ ਹਨ। ਪਰ ਇਹਨਾਂ ਹਾਈਵੇਜ਼ ਦਾ ਫ਼ਾਇਦਾ ਕਿਸਨੂੰ ਹੋਏਗਾ? ਕੀ ਪੰਜਾਬ ਨੂੰ ? ਕੀ ਪੰਜਾਬੀਆਂ ਨੂੰ? ਜਾਂ ਫਿਰ ਕਾਰਪੋਰੇਟਾਂ ਨੂੰ, ਜੋ ਇਥੋਂ ਅਤੇ ਲਾਗਲੇ ਸੂਬਿਆਂ 'ਚੋਂ ਕੱਚਾ ਮਾਲ ਢੋਕੇ ਵੱਧ ਮੁਨਾਫ਼ਾ ਕਮਾਉਣਗੇ। 'ਤੇ ਕਿਸਾਨ ਜਿਹਨਾਂ ਦੀ ਜ਼ਮੀਨ ਖੋਈ ਜਾਣੀ ਹੈ, ਦਿਹਾੜੀਆਂ ਕਰਨ'ਤੇ ਮਜ਼ਬੂਰ ਹੋ ਜਾਣਗੇ। ਕੀ ਇਸ ਨਾਲ ਪੰਜਾਬ ਖੁਸ਼ਹਾਲ ਹੋਏਗਾ? ਕੀ ਇਥੋਂ ਦੇ ਨੌਜਵਾਨਾਂ ਨੂੰ ਇਸ ਨਾਲ ਕੋਈ ਰੁਜ਼ਗਾਰ ਮਿਲੇਗਾ?

ਪੰਜਾਬ ਦੀ ਸਥਿਤੀ ਗੰਭੀਰ ਹੈ! ਨੌਜਵਾਨ ਹਰ ਹੀਲੇ ਸੂਬੇ 'ਚੋਂ ਭੱਜਣਾ ਚਾਹੁੰਦੇ ਹਨ, ਕਿਉਂਕਿ ਉਹਨਾਂ ਨੂੰ ਆਪਣਾ ਭਵਿੱਖ ਇੱਥੇ ਸਾਵਾਂ, ਸੁਖਾਵਾਂ ਨਹੀਂ ਦਿਸਦਾ। ਪੰਜਾਬ ਦੇ ਪਿੰਡ ਅਤੇ ਹੁਣ ਤਾਂ ਸ਼ਹਿਰਾਂ 'ਚ ਵੀ ਨਸ਼ਿਆਂ ਦਾ ਅਤਿਅੰਤ ਬੋਲਬਾਲਾ ਹੈ। ਵਿਦੇਸ਼ ਗਏ ਨੌਜਵਾਨਾਂ ਦੇ ਮਾਪੇ ਇਕੱਲਤਾ ਦਾ ਜੀਵਨ ਬਿਤਾ ਰਹੇ ਹਨ। ਵਿਦੇਸ਼ ਵਸਦੇ ਪੰਜਾਬੀ ਆਪਣੀ ਜ਼ਮੀਨ ਜਾਇਦਾਦ ਵੇਚਣ ਲਈ ਪੰਜਾਬ ਆਉਂਦੇ, ਇਹ ਕਹਿੰਦੇ ਸੁਣੀਂਦੇ ਹਨ ਕਿ ਉਹਨਾਂ ਦੀ ਔਲਾਦ ਨੇ ਪੰਜਾਬ ਨਹੀਂ ਪਰਤਣਾ, ਹੁਣ ਪੰਜਾਬ "ਰਹਿਣਯੋਗ" ਨਹੀਂ ਰਿਹਾ। ਆਪਣੀ ਜਨਮ ਭੂਮੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਇਹ ਪੰਜਾਬੀ ਆਖ਼ਿਰ ਸਾਡੇ ਹਾਕਮਾਂ, ਸਾਡੀਆਂ ਸਰਕਾਰਾਂ ਨੇ ਇੰਨੇ ਓਪਰਾਮ ਕਿਉਂ ਕਰ ਦਿੱਤੇ ਹਨ? ਕੀ ਦੋਸ਼ ਇਹਨਾਂ ਸਿਆਸਤਦਾਨਾਂ, ਹਾਕਮਾਂ ਦਾ ਨਹੀਂ ਹੈ, ਜਿਹਨਾਂ ਪੰਜਾਬ ਦੀ ਸੱਤਾ ਹਥਿਆਉਣ ਲਈ ਤਾਂ ਹਰ ਹੀਲਾ ਵਰਤਿਆ, ਪਰ ਇੱਥੇ ਅਮਨ ਕਾਨੂੰਨ ਦੀ ਸਥਿਤੀ ਸੁਖਾਵੀਂ ਕਰਨ, ਇੱਥੇ ਬੇਰੁਜ਼ਗਾਰੀ ਰੋਕਣ, ਇੱਥੇ ਦੇ ਵਾਤਾਵਰਨ ਨੂੰ ਸੁੰਦਰ ਪ੍ਰਦੂਸ਼ਣ ਰਹਿਤ ਬਣਾਉਣ ਲਈ ਢਿੱਡੋਂ ਯਤਨ ਨਹੀਂ ਕੀਤਾ। ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਦੇਸ਼ ਵਸਦੇ ਪੰਜਾਬੀ ਆਪਣੇ ਪੰਜਾਬ ਨੂੰ ਹਿੱਕ ਨਾਲ ਲਾਉਂਦੇ।

ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਪੰਜਾਬ ਅੱਜ ਵੀ ਵਿਕਾਸ ਪੱਖੋਂ ਊਣਾ ਹੈ। ਸਿੱਖਿਆ ਪੱਖੋਂ ਪਿਛੇ ਹੈ। ਉਦਯੋਗ ਵਿੱਚ ਤਾਂ ਇਸਦਾ ਥਾਂ ਹੀ ਕੋਈ ਨਹੀਂ। ਤੇ ਫੇਰ ਰੁਜ਼ਗਾਰ ਕਿੱਥੋਂ ਮਿਲੂ? ਆਮ ਸਿਹਤ ਸੁਵਿਧਾਵਾਂ, ਕਹਿਣ ਲਈ ਵੱਡੀਆਂ ਦਿਸ ਰਹੀਆਂ ਹੋਣਗੀਆਂ, ਪਰ ਕੀ ਇਹ ਆਮ ਆਦਮੀ ਦੀ ਪਹੁੰਚ 'ਚ ਹਨ?

ਕੀ ਸਿੱਖਿਆ, ਸਿਹਤ, ਵਾਤਾਵਰਨ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦੀ ਰਾਖੀ, ਉਦਯੋਗਿਕ ਵਿਕਾਸ ਲਈ ਪਿਛਲੀਆਂ ਤਿੰਨ ਸਰਕਾਰਾਂ ਦੇ ਉੱਦਮ ਉਪਰਾਲੇ ਜਾਂ ਕੋਸ਼ਸ਼ਾਂ ਸਾਰਥਕ ਸਨ। ਬਾਦਲ ਦੀ ਅਗਵਾਈ ਵਾਲੀ (2012-17) ਦੀ ਸਰਕਾਰ ਕੇਂਦਰ ਸਰਕਾਰ 'ਚ ਭਾਜਪਾ ਸਰਕਾਰ ਹੋਣ ਦੇ ਬਾਵਜੂਦ 'ਨਾ ਕੋਈ ਵੱਡਾ ਪ੍ਰਾਜੈਕਟ' ਪੰਜਾਬ ਲਿਆ ਸਕੀ ਅਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੁਆ ਸਕੀ। ਭਾਸ਼ਾ ਦੇ ਆਧਾਰ ਉੱਤੇ ਬਣੇ ਸੂਬੇ ਪੰਜਾਬ ਲਈ ਸੰਘਰਸ਼ ਕਰਨ ਵਾਲੀ ਪਾਰਟੀ ਪੰਜਾਬੀ ਨੂੰ ਵੀ ਦਫ਼ਤਰਾਂ, ਅਦਾਲਤਾਂ 'ਚ ਲਾਗੂ ਨਾ ਕਰ ਸਕੀ। ਦਰਿਆਈ ਪਾਣੀਆਂ ਦਾ ਮਸਲਾ ਦਿੱਲੀ ਹਾਕਮਾਂ ਤੋਂ ਹੱਲ ਨਾ ਕਰਵਾ ਸਕੀ।

ਨਸ਼ਿਆਂ ਦਾ ਚਲਣ ਇਸ ਸਰਕਾਰ ਵੇਲੇ ਵਧਿਆ। ਨੌਜਵਾਨਾਂ 'ਚ ਨਿਰਾਸ਼ਤਾ ਵਧੀ। ਸੂਬਾ ਕਰਜ਼ਾਈ ਹੋਇਆ ਅਤੇ ਨਸ਼ਿਆਂ ਤੋਂ ਮੁਕਤੀ ਕੁਝ ਦਿਨਾਂ 'ਚ ਦੇਣ ਦੇ ਨਾਹਰੇ ਦੇ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੀ ਸਰਕਾਰ (2017-2022) ਪੰਜੇ ਵਰ੍ਹੇ ਨਸ਼ਾ ਮੁਕਤ ਪੰਜਾਬ, ਦਾ ਨਾਹਰਾ ਦਿੰਦੀ ਰਹੀ। ਗੱਲੀਂ ਬਾਤੀ ਭਾਜਪਾ ਦੀ ਕੇਂਦਰ ਸਰਕਾਰ ਨਾਲ ਲੜਦੀ ਰਹੀ, ਅਸੰਬਲੀ 'ਚ ਮਤੇ ਵੀ ਪਾਉਂਦੀ ਰਹੀ, ਪਰ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦਾ ਮਸਲਾ ਹੱਲ ਕਰ ਸਕੀ, ਨਾ ਪੰਜਾਬ ਦੇ ਪਾਣੀਆਂ ਦਾ। ਨੌਜਵਾਨਾਂ ਦੀ ਬੇਰੁਜ਼ਗਾਰੀ, ਨਸ਼ਿਆਂ ਦੀ ਦਲਦਲ 'ਚ ਫਸਣ ਅਤੇ ਵਿਦੇਸ਼ਾਂ ਵੱਲ ਭੱਜਣ ਦਾ ਰੁਝਾਨ ਉਹਨਾਂ ਦੇ ਸਮੇਂ ਚਰਮ ਸੀਮਾਂ 'ਤੇ ਪੁੱਜਿਆ।

ਮੌਜੂਦਾ ਸਰਕਾਰ (2022 ਤੋਂ ਹੁਣ ਤੱਕ) ਇਹਨਾਂ ਮਸਲਿਆਂ 'ਚ ਵੱਡੇ ਨਾਹਰੇ ਲਾਉਂਦੀ ਰਹੀ। ਨਸ਼ਾ ਮੁਕਤੀ ਲਈ ਵੱਡੇ ਪ੍ਰਾਜੈਕਟ ਉਲੀਕਦੀ ਰਹੀ, ਪਰ ਹੱਥ ਪੱਲੇ ਕੀ ਪਿਆ? ਵਿਸ਼ਲੇਸ਼ਣ ਦਾ ਵਿਸ਼ਾ ਹੈ। ਪੰਜਾਬ ਸਿਰ ਕਰਜ਼ਾ ਵਧਿਆ ਹੈ। ਬੇਰੁਜ਼ਗਾਰੀ ਦੀ ਦਰ ਨਹੀਓਂ ਘੱਟੀ। ਜ਼ਮੀਨੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਕਮੀ ਹੁਣ ਵੀ ਅਖਰਦੀ ਹੈ ਅਤੇ ਸਭ ਤੋਂ ਅੱਖੜ ਰਿਹਾ ਹੈ, ਚੁੱਭ ਰਿਹਾ ਹੈ ਸਿਆਸਤਦਾਨਾਂ ਦਾ ਵਿਵਹਾਰ। ਇੱਕ-ਦੂਜੇ ਪ੍ਰਤੀ ਸ਼ਰੀਕੇਬਾਜੀ ਵਾਲਾ ਵਰਤਾਓ ਨੈਤਿਕ ਕਦਰਾਂ-ਕੀਮਤਾਂ ਉਲੰਘਕੇ ਬੋਲੇ ਗਏ ਭੈੜੇ, ਭੜਕਾਊ, ਬੋਲ! ਸਿਆਸਤ ਵਿੱਚ " ਚੱਕ ਦਿਆਂਗੇ, ਮਿੱਧ ਦਿਆਂਗੇ" ਵਰਗੇ ਬੋਲ ਕੀ ਸੱਚਮੁੱਚ ਸਿਆਸਤ ਹੈ ਜਾਂ ਹੰਕਾਰੀ ਬੋਲ?

ਪੰਜਾਬ 'ਚ ਸਿਆਸਤਦਾਨ, ਇੱਕ-ਦੂਜੇ ਵਿਰੁੱਧ ਜਿਸ ਕਿਸਮ ਦੀ ਅਭੱਦਰ ਭਾਸ਼ਾ ਬੋਲਦੇ ਹਨ, ਉਹ ਸਿਆਣਿਆਂ ਵਾਲੀ ਭਾਸ਼ਾ ਨਹੀਂ, ਜਿਸ ਕਿਸਮ ਦੀ ਨੀਵੇਂ ਦਰਜੇ ਦੀ ਉਹ ਸਿਆਸਤ ਕਰਦੇ ਹਨ, ਉਹ ਸੱਚਮੁਚ ਸਹਿਣਯੋਗ ਨਹੀਂ। ਪਾਰਟੀਆਂ ਚੋਣਾਂ ਲੜਨ, ਆਪਣਾ ਚੋਣ ਪ੍ਰੋਗਰਾਮ ਦੇਣ! ਸਿਆਸਤੀ ਧਿਰਾਂ ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਖੇਤੀ, ਕਿਸਾਨਾਂ, ਮਜ਼ਦੂਰਾਂ ਦੀ ਗੱਲ ਕਰਨ, ਉਹਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪ੍ਰੋਗਰਾਮ ਦੇਣ। ਪੰਜਾਬ 'ਚ ਚੰਗੇ ਸ਼ਾਸ਼ਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਮੁਕਤੀ ਦੀ ਗੱਲ ਕਰਨ ਜੋ ਹੁਣ ਸਾਡੀ ਨਸ-ਨਸ 'ਚ ਦੌੜ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਸਮੂਹਿਕ ਵਿਕਾਸ ਦੀ ਗੱਲ ਕਰਨ, ਪੰਜਾਬ 'ਚੋਂ ਧੜੇਬੰਦੀ ਖ਼ਤਮ ਕਰਕੇ ਆਪਸੀ ਸਹਿਹੋਂਦ ਬਣਾਉਣ ਦੀ ਬਾਤ ਪਾਉਣ । ਪੰਜਾਬ 'ਚ ਖੇਤੀ ਉਦਯੋਗ ਲਿਆਉਣ ਦਾ ਖਾਕਾ ਤਿਆਰ ਕਰਨ। ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਦੇ ਵਿਕਾਸ ਲਈ, ਡਿਜ਼ੀਟਲ ਸਹੂਲਤਾਂ ਦੇ ਵਿਕਾਸ ਲਈ ਪ੍ਰੋਗਰਾਮ ਉਲੀਕਣ ਅਤੇ ਸਾਂਝੇ ਪਲੇਟਫਾਰਮ 'ਤੇ ਚਰਚਾ ਕਰਨ। ਕਿਉਂ ਨਾ ਚਰਚਾ ਕਰਨ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਖੋਹੇ ਗਏ ਹੱਕਾਂ ਦੀ ਇੱਕ-ਜੁੱਟ ਹੋਕੇ, ਇਸ ਨਾਲ ਹੋ ਰਹੇ ਵਿਤਕਰਿਆਂ ਦੀ, ਭਾਵੇਂ ਉਹ ਕੇਂਦਰ 'ਚ ਰਾਜ ਕਰਨ ਵਾਲੀ ਪਾਰਟੀ ਦੇ ਸਰਗਰਮ ਮੈਂਬਰ ਹੀ ਕਿਉਂ ਨਾ ਹੋਣ?

ਪੰਜਾਬ ਦੇ ਭੱਦਰਪੁਰਸ਼ ਸਿਆਸਤਦਾਨੋ, ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। ਪੰਜਾਬ ਦੇ ਲੋਕ ਹਰ ਉਸ ਨਵੀਂ ਚੀਜ਼ ਨੂੰ ਜੀਅ ਆਇਆਂ ਆਖਦੇ ਹਨ, ਜਿਹੜੀ ਉਹਨਾਂ ਦੇ ਮਨ ਨੂੰ ਭਾਉਂਦੀ ਹੈ। ਪਰ ਹਰ ਉਸ ਚੀਜ਼ ਨੂੰ ਫਿਟਕਾਰ ਦਿੰਦੇ ਹਨ, ਜਿਹੜੇ ਇਸ ਸੂਬੇ ਦੇ ਵਸ਼ਿੰਦਿਆਂ 'ਚ ਪਾੜ ਪਾਉਂਦੀ ਹੈ, ਭਾਈਚਾਰਕ ਸਾਂਝ ਨੂੰ ਪਿੰਜਦੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਖ਼ਿਲਾਫ ਹੈ।

ਭਾਈ, ਨਹੀਂਓ ਚੰਗੇ ਹਾਲਾਤ ਪੰਜਾਬ ਦੇ । ਸੇਵਾ ਭਾਵਨਾ ਵਾਲੇ ਸਿਆਸਤਦਾਨ, ਬੁੱਧੀਜੀਵੀ ਸਿਆਣੇ ਹਾਲਾਤਾਂ ਨੂੰ ਸਮਝਣਗੇ ਤਾਹੀਓਂ ਪੁਰੇ ਦੀ ਵਗਦੀ ਗਰਮ ਹਵਾ ਰੁਕੇਗੀ। ਪੱਛੋਂ ਦੀਆਂ ਠੰਢੀਆਂ ਹਵਾਵਾਂ ਆਉਣਗੀਆਂ। ਪੰਜਾਬ 'ਚ ਮੁੜ ਖੁਸ਼ਹਾਲੀ ਆਏਗੀ। ਵੇਲਾ ਭੈੜੀ ਸਿਆਸਤ ਦਾ ਨਹੀਂ, ਪੰਜਾਬ ਨੂੰ ਸੰਭਾਲਣ ਲਈ ਇੱਕ-ਮੁੱਠ ਹੋ ਕੇ ਯਤਨ ਕਰਨ ਦਾ ਹੈ। ਕਲਮਾਂ ਵਾਲਿਓ, ਰਤਾ ਆਪਣੀ ਕਲਮ ਦੇ ਬੋਲ, ਲੋਕਾਂ ਦੇ ਬੋਲਾਂ ਵਰਗੇ ਬਣਨ ਲਈ ਤੁਸੀਂ ਵੀ ਤਾਂ ਸੁਪਨਈ ਨੀਂਦ 'ਚੋਂ ਬਾਹਰ ਆਓ!

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# TAKE CONTROL OF YOUR HEALTH!

**PRIVATE, AFFORDABLE, & CONVENIENT**

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

**WALK-INS WELCOME**

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WE HAVE THE CHEAPEST FARES TO INDIA

LEGEND TRAVEL

arc accredited agency
CST # 207524-40

Special Fares To India From West-coast (us) On Air India Direct Flights




JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

RESIDENTIAL, COMMERCIAL AND SOLAR FARMS
with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

ਸਿਰ.ਫ ਇਕ ਕਾਲ - ਵੱਡੀ ਬੱਚਤ

510-706-1300

singhsolarusa@gmail.com

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਉਿਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤਿ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਵਿੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਪੰਜਾਬ ਸਰਕਾਰ ਨੇ ਮੱਧ ਪੂਰਬੀ ਤਣਾਅ ਕਾਰਨ ਉੱਥੇ ਫਸੇ ਪੰਜਾਬੀਆਂ ਦੇ ਪੀੜਤ ਪਰਿਵਾਰਾਂ ਨੂੰ ਮਦਦ ਲਈ 0172 2260042, 0172 2260043 ਜਾਂ ਵਟਸਐੱਪ ਨੰ. +91 94787 79112 'ਤੇ ਕਾਲ ਕਰਨ ਲਈ ਕਿਹਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੱਧ ਪੂਰਬ ਦੇ ਕੁਝ ਹਿੱਸਿਆਂ ਵਿੱਚ ਵਧ ਰਹੇ ਤਣਾਅ ਕਾਰਨ ਉੱਥੇ ਫਸੇ ਪੰਜਾਬੀਆਂ ਦੀ ਸਹਾਇਤਾ ਲਈ ਦਿਨ-ਰਾਤ ਕਾਰਜਸ਼ੀਲ ਹੈਲਪਲਾਈਨ ਜਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਤੁਰੰਤ ਸਹਾਇਤਾ ਲਈ 0172 2260042, 0172 2260043 'ਤੇ ਕਾਲ ਕਰ ਸਕਦੇ ਹਨ ਜਾਂ ਵਟਸਐਪ ਨੰ. +91 94787 79112 'ਤੇ ਮੈਸੇਜ ਭੇਜ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਉਨ੍ਹਾਂ ਦੀ ਸੁਰੱਖਿਅਤ ਅਤੇ ਜਲਦ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਜਾਣਗੇ।



ਮੱਧ ਪੂਰਬ ਵਿੱਚ ਜੰਗ ਕਾਰਨ ਫਸੇ ਪੰਜਾਬੀਆਂ ਦੇ ਪੀੜਤ ਪਰਿਵਾਰਾਂ ਨੂੰ ਪੂਰਨ ਸਹਾਇਤਾ ਦਾ ਭਰੋਸਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਫਸੇ ਹੋਏ ਲੋਕਾਂ ਦੀ ਸੁਰੱਖਿਅਤ ਅਤੇ ਜਲਦ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ। ਅਰਬ ਦੇਸ਼ਾਂ ਵਿੱਚ ਤਣਾਅ ਕਾਰਨ ਇੱਥੇ ਬਹੁਤ ਸਾਰੇ ਪੰਜਾਬੀ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਇੱਕ ਹੈਲਪਲਾਈਨ ਜਾਰੀ ਕੀਤੀ ਗਈ ਹੈ ਅਤੇ ਜੇਕਰ ਕੋਈ ਵਿਅਕਤੀ ਜਾਂ ਉਸ ਦਾ ਪਰਿਵਾਰ ਇਨ੍ਹਾਂ ਦੇਸ਼ਾਂ ਵਿੱਚ ਫਸਿਆ ਹੋਇਆ ਹੈ ਤਾਂ ਉਹ ਇਨ੍ਹਾਂ ਨੰਬਰਾਂ 'ਤੇ ਕਾਲ ਕਰ ਸਕਦੇ ਹਨ।"

ਉਨ੍ਹਾਂ ਨੇ ਮੁਸੀਬਤ ਵਿੱਚ ਫਸੇ ਲੋਕਾਂ ਨੂੰ ਪੂਰੀ ਮਦਦ ਦਾ ਭਰੋਸਾ ਦਿੰਦਿਆਂ ਐਲਾਨ ਕੀਤਾ ਕਿ ਇੱਕ ਸਮਰਪਿਤ ਹੈਲਪਲਾਈਨ ਅਤੇ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ ਜੋ ਦਿਨ-ਰਾਤ ਕਾਰਜਸ਼ੀਲ ਰਹੇਗਾ।

ਉਨ੍ਹਾਂ ਅੱਗੇ ਕਿਹਾ, "ਜੇਕਰ ਕਿਸੇ ਵੀ ਕਿਸਮ ਦੀ ਮਦਦ ਦੀ ਲੋੜ ਹੈ ਤਾਂ ਲੋਕ 0172 2260042 ਅਤੇ 0172 2260043 'ਤੇ ਕਾਲ ਕਰ ਸਕਦੇ ਹਨ ਜਾਂ +91 94787 79112 'ਤੇ ਵਟਸਐਪ ਰਾਹੀਂ ਮੈਸੇਜ ਭੇਜ ਸਕਦੇ ਹਨ।"

ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਫਸੇ ਲੋਕਾਂ ਨੂੰ ਜਲਦ ਤੋਂ ਜਲਦ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ।" ਖਾੜੀ ਦੇਸ਼ਾਂ ਵਿੱਚ ਫਸੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ, "ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਇਨ੍ਹਾਂ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।"

ਉਨ੍ਹਾਂ ਨੇ ਭਾਰਤ ਸਰਕਾਰ ਨੂੰ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਤੁਰੰਤ ਦਖਲ ਦੇਣ ਦੀ ਵੀ ਅਪੀਲ ਕੀਤੀ।

ਉਨ੍ਹਾਂ ਆਸ ਪ੍ਰਗਟਾਈ ਕਿ ਕੇਂਦਰ ਸਰਕਾਰ ਜੰਗ ਪ੍ਰਭਾਵਿਤ ਖਾੜੀ ਦੇਸ਼ਾਂ ਵਿੱਚ ਫਸੇ ਸਾਰੇ ਲੋਕਾਂ ਦੀ ਮਦਦ ਲਈ ਤੁਰੰਤ ਲੋੜੀਂਦੇ ਕਦਮ ਚੁੱਕੇਗੀ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾਈ ਮੀਟਿੰਗ ਦੇ ਫ਼ੈਸਲੇ

ਬਰਨਾਲਾ
ਸਾਂਝੀ ਸੋਚ ਬਿਊਰੋ

10 ਮਾਰਚ ਨੂੰ ਬਰਨਾਲਾ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਹੋਵੇਗੀ ਇਤਿਹਾਸਿਕ ਰੈਲੀ : ਮਨਜੀਤ ਧਨੇਰ

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾਈ ਮੀਟਿੰਗ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਬਰਨਾਲਾ ਦੇ ਤਰਕਸ਼ੀਲ ਭਵਨ ਵਿਖੇ ਹੋਈ। ਮੀਟਿੰਗ ਵਿੱਚ ਸੂਬਾ ਕਮੇਟੀ ਤੋਂ ਇਲਾਵਾ 14 ਜ਼ਿਲ੍ਹਿਆਂ ਦੇ ਆਗੂਆਂ ਨੇ ਭਾਗ ਲਿਆ। ਮੀਟਿੰਗ ਵਿੱਚ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਦਾ ਕਿਸਾਨ ਮਜ਼ਦੂਰ ਵਿਰੋਧੀ ਰਵੱਈਆ ਮੁੱਖ ਤੌਰ ਤੇ ਚਰਚਾ ਵਿੱਚ ਰਿਹਾ।

ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਪੰਜਾਬ ਦੇ ਪਾਣੀਆਂ ਦਾ ਮਸਲਾ, ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ, ਹੜ੍ਹ ਪੀੜਤ ਕਿਸਾਨਾਂ ਦੀਆਂ ਮੰਗਾਂ ਅਤੇ ਸਾਰੀਆਂ ਫਸਲਾਂ ਦੀ ਐਮਐਸਪੀ ਤੇ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾਉਣ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਅਤੇ ਨਿੱਜੀਕਰਨ ਦੀਆਂ ਹੋਰ ਨੀਤੀਆਂ ਦੇ ਖਿਲਾਫ 10 ਮਾਰਚ ਨੂੰ ਬਰਨਾਲਾ ਵਿਖੇ ਮਹਾਂ ਰੈਲੀ ਕੀਤੀ ਜਾ ਰਹੀ ਹੈ। ਜਥੇਬੰਦੀ ਦੇ ਆਗੂ ਅਤੇ ਵਰਕਰ ਇਸ ਮਹਾਂ ਰੈਲੀ ਵਿੱਚ ਵੱਧ ਚੜ ਕੇ ਸ਼ਾਮਿਲ ਹੋਣਗੇ।

ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਮੀਟਿੰਗ ਵਿੱਚ ਹੋਏ ਫੈਸਲੇ ਬਾਰੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਘੋਲਾਂ ਖਿਲਾਫ ਜਬਰ ਦੀ ਨੀਤੀ ਅਪਣਾਈ ਹੋਈ ਹੈ।

ਪੰਜਾਬ ਸਰਕਾਰ ਨੇ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲ ਦਿੱਤਾ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਜਿਉਂਦ ਵਿਖੇ ਪਿੰਡ ਤੇ ਕੀਤੇ ਗਏ ਜ਼ੁਲਮ ਤੋਂ ਇਲਾਵਾ ਕੁੱਲਰੀਆਂ ਜ਼ਮੀਨੀ ਘੋਲ ਵਿੱਚ ਬੀਕੇਯੂ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਸਮੇਤ ਹੋਰ ਆਗੂਆਂ ਤੇ ਝੂਠੇ ਕੇਸ ਪਾਏ ਹੋਏ ਹਨ ਅਤੇ ਇੱਕ ਕਿਸਾਨ ਵਰਕਰ ਨੂੰ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ। ਇਸੇ ਤਰ੍ਹਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਅਤੇ ਟਰਾਂਸਪੋਰਟ ਕਾਮਿਆਂ ਦੇ ਆਗੂਆਂ ਨੂੰ ਵੀ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ।



ਪੰਜਾਬ ਸਰਕਾਰ ਦੀ ਇਸ ਚੁਣੌਤੀ ਦਾ ਜਵਾਬ ਦੇਣ ਲਈ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ 6 ਮਾਰਚ ਨੂੰ ਬਠਿੰਡਾ ਵਿਖੇ ਲਲਕਾਰ ਮਾਰਚ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਸਾਰੇ ਜ਼ਿਲ੍ਹਿਆਂ ਦੇ ਆਗੂਆਂ ਅਤੇ ਵਰਕਰਾਂ ਦੀਆਂ ਇਸ ਮਾਰਚ ਵਿੱਚ ਪਹੁੰਚਣ ਲਈ ਡਿਊਟੀਆਂ ਲਾਈਆਂ ਗਈਆਂ।

ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ ਅਤੇ ਜਥੇਬੰਦਕ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਦੱਸਿਆ ਕਿ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੁਕਤ ਵਪਾਰ ਸਮਝੌਤਾ, ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਮਗਨਰੇਗਾ ਕਾਨੂੰਨ ਨੂੰ ਭੰਗ ਕਰਨ ਦੀਆਂ ਚਾਲਾਂ ਅਸਲ ਵਿੱਚ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਹਿੱਤ ਪੂਰਨ ਲਈ ਕੀਤੀਆਂ ਜਾ ਰਹੀਆਂ ਹਨ। 23 ਮਾਰਚ ਦੇ ਸ਼ਹੀਦਾਂ ਨੇ ਸਾਮਰਾਜ ਦੀ ਇਸ ਲੁੱਟ ਖੋਹ ਤੋਂ ਮੁਕਤੀ ਲਈ ਹੀ ਆਪਣੀਆਂ ਸ਼ਹੀਦੀਆਂ ਦਿੱਤੀਆਂ ਸਨ। ਇਸ ਲਈ 23 ਮਾਰਚ ਨੂੰ ਇਹਨਾਂ ਨੀਤੀਆਂ ਦੇ ਖਿਲਾਫ ਅਤੇ ਇਹਨਾਂ ਦੀ ਜੰਮਣ ਭੋ ਸਾਮਰਾਜ ਦੇ ਖਿਲਾਫ ਸਾਮਰਾਜ ਵਿਰੋਧੀ ਦਿਵਸ ਮਨਾਇਆ ਜਾਵੇਗਾ।

ਮੀਟਿੰਗ ਵਿੱਚ ਪਿਛਲੇ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ ਗਈ। 4 ਫਰਵਰੀ ਤੋਂ 11 ਫਰਵਰੀ ਤੱਕ ਦਰਜਨਾਂ ਪਿੰਡਾਂ ਵਿੱਚ ਨਰਿੰਦਰ ਮੋਦੀ, ਡੋਨਾਲਡ ਟਰੰਪ ਅਤੇ ਭਗਵੰਤ ਮਾਨ ਦੇ ਪੁਤਲੇ ਸਾੜਨ ਦੀ ਮੁਹਿੰਮ,12 ਫਰਵਰੀ ਦੀ ਇਤਿਹਾਸਿਕ ਹੜਤਾਲ ਅਤੇ 22 ਫਰਵਰੀ ਨੂੰ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਘਰਾਂ ਅਤੇ ਦਫਤਰਾਂ ਅੱਗੇ ਕੀਤੇ ਗਏ ਰੋਸ ਪ੍ਰਦਰਸ਼ਨਾਂ ਵਿੱਚ ਜਥੇਬੰਦੀ ਦੀ ਸ਼ਮੂਲੀਅਤ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।

ਮੀਟਿੰਗ ਵਿੱਚ ਪੰਜਾਬ ਵਿੱਚ ਪੁਲਿਸ ਰਾਜ ਸਥਾਪਿਤ ਕਰਕੇ ਪੰਜਾਬ ਨੂੰ ਫਿਰ ਤੋਂ ਕਾਲੇ ਦੌਰ ਵੱਲ ਧੱਕਣ ਦੇ ਯਤਨਾਂ ਦਾ ਸਖਤ ਨੋਟਿਸ ਲਿਆ ਗਿਆ ਅਤੇ ਆਦੀਆਂ ਪਿੰਡ ਦੇ 19 ਸਾਲਾਂ ਨੌਜਵਾਨ ਰਣਜੀਤ ਸਿੰਘ ਦੇ ਪੁਲਿਸ ਮੁਕਾਬਲੇ ਦੀ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਕਤਲ ਵਿਰੋਧੀ ਘੋਲ ਦੀ ਹਮਾਇਤ ਕੀਤੀ ਗਈ।

ਮੀਟਿੰਗ ਨੇ ਮਤਾ ਪਾਸ ਕਰ ਕੇ ਅਮਰੀਕਾ ਵੱਲੋਂ ਦੂਜੇ ਦੇਸ਼ਾਂ ਦੀ ਲੁੱਟ ਖੋਹ ਕਰਨ ਲਈ ਵੈਨਜ਼ੁਏਲਾ ਤੇ ਹਮਲਾ ਕਰਨ, ਕਿਊਬਾ ਦੀ ਆਰਥਿਕ ਨਾਕਾਬੰਦੀ ਅਤੇ ਇਰਾਨ ਤੇ ਕੀਤੇ ਗਏ ਹਮਲੇ ਦੀ ਨਿਖੇਧੀ ਕੀਤੀ।

ਮੀਟਿੰਗ ਵਿੱਚ ਗੁਰਦੇਵ ਸਿੰਘ ਮਾਂਗੇਵਾਲ, ਅੰਗਰੇਜ਼ ਸਿੰਘ ਭਦੌੜ, ਮੱਖਣ ਸਿੰਘ ਭੈਣੀ ਬਾਘਾ, ਕਰਮਜੀਤ ਸਿੰਘ ਰਾਮ ਨਗਰ ਛੰਨਾਂ, ਗੁਰਦੀਪ ਸਿੰਘ ਖੁੱਡੀਆਂ, ਗੁਲਜਾਰ ਸਿੰਘ ਕਬਰ ਵੱਛਾ , ਤਾਰਾ ਚੰਦ ਬਰੇਟਾ, ਜੁਗਰਾਜ ਸਿੰਘ ਹਰਦਾਸਪੁਰਾ, ਜਗਤਾਰ ਸਿੰਘ ਦੁੱਗਾਂ, ਜਸਵਿੰਦਰ ਬਿੰਦੂ ਸੁੱਨਤਵਾਲ , ਪ੍ਰਦੀਪ ਮੁਸਾਹਿਬ, ਹਰਮੀਤ ਸਿੰਘ, ਲਖਵੀਰ ਸਿੰਘ ਅਕਲੀਆ, ਹਰਵਿੰਦਰ ਸਿੰਘ ਕੋਟਲੀ, ਗੁਰਨਾਮ ਸਿੰਘ ਮਹਿਰਾਜ, ਤਾਰਾ ਚੰਦ ਬਰੇਟਾ, ਗੁਰਦੀਪ ਸਿੰਘ ਖੁੱਡੀਆਂ, ਜਸਕਰਨ ਸਿੰਘ ਮੋਰਾਂਵਾਲੀ, ਬਲਜਿੰਦਰ ਸਿੰਘ ਵੜਿੰਗ, ਹਰਮੰਦਰ ਸਿੰਘ ਭਾਗੀ ਕੇ, ਦੇਵੀ ਰਾਮ ਰੰਘੜਿਆਲ, ਪਿੰਦਰ ਸਿੰਘ ਕੰਬੋਜ, ਬਲਵਿੰਦਰ ਸਿੰਘ ਫਾਜ਼ਿਲਕਾ, ਜਤਿੰਦਰ ਸਿੰਘ ਕੜਮਾਂ ਅਤੇ ਰਵਿੰਦਰ ਜੀਤ ਸਿੰਘ ਢੈਪਈ ਸਮੇਤ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

# ਕੁਵੈਤ ਨੇ ਮਾਰ ਸੁੱਟੇ ਅਮਰੀਕਾ ਦੇ ਤਿੰਨ ਲੜਾਕੂ ਜਹਾਜ਼

ਕੁਵੈਤ
ਸਾਂਝੀ ਸੋਚ ਬਿਊਰੋ

ਕੁਵੈਤ ਨੇ ਈਰਾਨੀ ਹਮਲਿਆਂ ਦੌਰਾਨ ਗਲਤੀ ਨਾਲ ਤਿੰਨ ਅਮਰੀਕੀ ਹਵਾਈ ਸੈਨਾ ਦੇ F-15E ਸਟ੍ਰਾਈਕ ਈਗਲ ਜੈੱਟਾਂ ਨੂੰ ਸੁੱਟ ਦਿੱਤਾ। ਸਾਰੇ ਛੇ ਹਵਾਈ ਚਾਲਕ ਦਲ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਘਟਨਾ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। F-15 ਇੱਕ ਹਰ ਮੌਸਮ ਵਿੱਚ ਚੱਲਣ ਵਾਲਾ ਲੜਾਕੂ ਜਹਾਜ਼ ਹੈ ਜੋ ਹਵਾਈ ਉੱਤਮਤਾ ਅਤੇ ਹਮਲੇ ਦੇ ਮਿਸ਼ਨਾਂ ਲਈ ਵਰਤਿਆ ਜਾਂਦਾ ਹੈ। ਖਮੇਨੀ ਦੀ ਮੌਤ ਤੋਂ ਬਾਅਦ ਮੱਧ ਪੂਰਬ ਵਿੱਚ ਤਣਾਅ ਵਧ ਗਿਆ ਹੈ, ਅਤੇ ਈਰਾਨ ਅਮਰੀਕੀ ਠਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜਦੋਂ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਚੇਤਾਵਨੀਆਂ ਜਾਰੀ ਕੀਤੀਆਂ ਹਨ।ਜਿਸ ਤੋਂ ਬਾਅਦ ਹੁਣ ਅਮਰੀਕਾ ਦਾ ਬਿਆਨ ਸਾਹਮਣੇ ਆਇਆ ਹੈ।ਅਮਰੀਕੀ ਫੌਜ ਨੇ ਰਿਪੋਰਟ ਦਿੱਤੀ ਕਿ ਕੁਵੈਤ ਨੇ ਈਰਾਨੀ ਹਮਲਿਆਂ ਦੌਰਾਨ ਇੱਕ ਲੜਾਈ ਮਿਸ਼ਨ ਦੌਰਾਨ ਗਲਤੀ ਨਾਲ ਤਿੰਨ ਅਮਰੀਕੀ ਹਵਾਈ ਸੈਨਾ ਦੇ F-15E ਸਟ੍ਰਾਈਕ ਈਗਲ ਜੈੱਟਾਂ ਨੂੰ ਮਾਰ ਸੁੱਟਿਆ।ਅਮਰੀਕੀ ਸੈਂਟਰਲ ਕਮਾਂਡ ਦੇ ਅਨੁਸਾਰ, ਲੜਾਈ ਵਿੱਚ ਈਰਾਨੀ ਜਹਾਜ਼ਾਂ, ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਤੋਂ ਹਮਲੇ ਸ਼ਾਮਲ ਸਨ। ਇਹ ਪਹਿਲੀ ਵਾਰ ਹੈ ਜਦੋਂ ਈਰਾਨ ਦੇ ਪੁਰਾਣੇ ਲੜਾਕੂ ਜਹਾਜ਼ਾਂ ਦੇ ਬੇੜੇ ਨੇ ਸਰਗਰਮੀ ਨਾਲ ਲੜਾਈ ਵਿੱਚ ਹਿੱਸਾ ਲਿਆ ਹੈ। ਇੱਕ ਅਮਰੀਕੀ ਹਵਾਈ ਸੈਨਾ ਦੇ ਲੜਾਕੂ ਜਹਾਜ਼ ਨੂੰ ਕੁਵੈਤੀ ਹਵਾਈ ਰੱਖਿਆ ਦੁਆਰਾ ਗਲਤੀ ਨਾਲ ਡੇਗ ਦਿੱਤਾ ਗਿਆ।ਸਾਰੇ ਛੇ ਹਵਾਈ ਜਹਾਜ਼ ਚਾਲਕ ਦਲ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਏ, ਉਨ੍ਹਾਂ ਨੂੰ ਬਾਹਰ ਕੱਢ ਲਿਆ ਗਿਆ ਹੈ, ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਕੁਵੈਤ ਨੇ ਇਸ ਘਟਨਾ ਨੂੰ ਸਵੀਕਾਰ ਕਰਦਿਆਂ ਅਮਰੀਕੀ ਫੌਜ ਨੇ ਚੱਲ ਰਹੇ ਆਪ੍ਰੇਸ਼ਨ ਵਿੱਚ ਕੁਵੈਤੀ ਰੱਖਿਆ ਬਲਾਂ ਦੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ

ੴ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

# To honor the legacy and vision of

## First Founder of Pacific Coast Khalsa Diwan Society Stockton Ca 1912

# ਮਹਾਨ ਗੁਰਮਤਿ ਸਮਾਗਮ



Pacific Coast Khalsa Diwan Society
EST 1912
Gurudwara Sahib Stockton, CA



## March 13, 14 & 15

ਸੰਤ ਤੇਜਾ ਸਿੰਘ ਜੀ

ਸੰਤ ਅਤਰ ਸਿੰਘ
ਮਸਤੂਆਣਾ( ਸੰਗਰੂਰ)

**ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ, ਗੁਰਦੁਆਰਾ ਸਾਹਿਬ ਸਟਾਕਟਨ ਦੇ ਸੰਸਥਾਪਕ ਸੰਤ ਤੇਜਾ ਸਿੰਘ ਜੀ ਅਤੇ ਅਤੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਦੀ ਨਿੱਘੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ 13 ,14 ਅਤੇ 15 ਨੂੰ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਹੋਵੇਗਾ ਜੀ। ਆ ਜੀ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹੁੰਮ-ਹਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ। ਐਤਵਾਰ 15 ਮਾਰਚ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਕਥਾ ਕੀਰਤਨ ਦੇ ਦੀਵਾਨ ਸਜਾਏ ਜਾਣਗੇ।**

## ਸਮੂਹ ਸੰਗਰੂਰ ਇਲਾਕੇ ਦੀਆਂ ਸੰਗਤਾਂ ਨੂੰ ਪਹੁੰਚਣ ਦੀ ਪੁਰਜ਼ੋਰ ਬੇਨਤੀ ਹੈ ਜੀ।

**ਬੇਨਤੀ ਕਰਤਾ: ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਮੁੱਚੀ ਸੰਗਤ ਸੰਗਰੂਰ ਇਲਾਕਾ**

**ਵਧੇਰੇ ਜਾਣਕਾਰੀ ਲਈ**
**ਗਿਆਨੀ ਗੁਰਸੇਵਕ ਸਿੰਘ ਜੀ, ਹੈੱਡ ਗ੍ਰੰਥੀ**
**ਗੁਰਦੁਆਰਾ ਸਾਹਿਬ ਸਟਾਕਟਨ**
**+1 (209) 328-9321**

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# 'ਆਪ' ਆਗੂ ਬਲਤੇਜ ਪੰਨੂ ਨੇ ਪੰਜਾਬੀ ਕਲਾਕਾਰ ਐਮੀ ਵਿਰਕ ਨਾਲ ਫ਼ੋਨ 'ਤੇ ਕੀਤੀ ਗੱਲਬਾਤ, ਯੂਏਈ ਵਿੱਚ ਫਸੇ ਪਰਿਵਾਰ ਦਾ ਜਾਣਿਆ ਹਾਲ-ਚਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਜਨਰਲ ਸਕੱਤਰ ਬਲਤੇਜ ਪੰਨੂ ਨੇ ਪੰਜਾਬੀ ਫ਼ਿਲਮ ਜਗਤ ਦੇ ਮਸ਼ਹੂਰ ਅਦਾਕਾਰ ਅਤੇ ਗਾਇਕ ਐਮੀ ਵਿਰਕ ਨਾਲ ਫ਼ੋਨ 'ਤੇ ਸੰਪਰਕ ਕਰਕੇ ਸੰਯੁਕਤ ਅਰਬ ਅਮੀਰਾਤ ਵਿੱਚ ਰਹਿ ਰਹੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਪੰਨੂ ਨੇ ਵਿਰਕ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ। ਬਲਤੇਜ ਪੰਨੂ ਨੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਨਿੱਜੀ ਤੌਰ 'ਤੇ ਇਸ ਮਾਮਲੇ ਦੀ ਨਿਗਰਾਨੀ ਕਰ ਰਹੇ ਹਨ। ਮੁੱਖ ਮੰਤਰੀ ਜਲਦ ਹੀ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਐਮੀ ਵਿਰਕ ਦੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਸੰਭਵ ਰਾਜਨੀਤਿਕ ਤੇ ਡਿਪਲੋਮੈਟਿਕ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਪਹਿਲ ਵਿਦੇਸ਼ਾਂ ਵਿੱਚ ਫਸੇ ਆਪਣੇ ਨਾਗਰਿਕਾਂ ਦੀ ਸਲਾਮਤੀ ਹੈ। ਖਾੜੀ ਦੇਸ਼ਾਂ ਵਿੱਚ ਜਾਰੀ ਜੰਗ ਦੀ ਸਥਿਤੀ 'ਤੇ ਦੁੱਖ ਪ੍ਰਗਟ ਕਰਦਿਆਂ ਪੰਨੂ ਨੇ ਕਿਹਾ ਕਿ ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਜੰਗ ਜਲਦ ਖ਼ਤਮ ਹੋਵੇ ਅਤੇ ਸ਼ਾਂਤੀ ਬਹਾਲ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਵਚਨਬੱਧ ਹੈ ਅਤੇ ਕੇਂਦਰ ਨਾਲ ਮਿਲ ਕੇ ਇਸ ਮਾਮਲੇ ਦਾ ਤੁਰੰਤ ਹੱਲ ਕੱਢੇਗੀ

# ਡਾ.ਰਵਜੋਤ ਨੇ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਨੂੰ ਸੁਰੱਖਿਅਤ ਵਾਪਸ ਬਣਾਉਣ ਲਈ ਵਿਦੇਸ਼ ਮੰਤਰਾਲੇ ਤੋਂ ਤੁਰੰਤ ਦਖਲ ਦੀ ਕੀਤੀ ਮੰਗ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਐਨ.ਆਰ.ਆਈ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਜੰਗ ਕਾਰਨ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਕੇਂਦਰੀ ਵਿਦੇਸ਼ ਮੰਤਰੀ ਦੇ ਤੁਰੰਤ ਦਖਲ ਦੀ ਮੰਗ ਕੀਤੀ। ਕੇਂਦਰੀ ਵਿਦੇਸ਼ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ, ਉਨ੍ਹਾਂ ਨੇ ਇਜ਼ਰਾਈਲ ਅਤੇ ਈਰਾਨ ਦਰਮਿਆਨ ਜੰਗ ਦੇ ਮੱਦੇਨਜ਼ਰ ਉੱਥੇ ਫਸੇ ਪੰਜਾਬੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਦੇ ਸਬੰਧ ਵਿੱਚ ਉਨ੍ਹਾਂ ਨਾਲ ਤੁਰੰਤ ਮੀਟਿੰਗ ਕਰਨ ਦੀ ਮੰਗ ਕੀਤੀ।

ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੱਧ ਪੂਰਬ ਵਿੱਚ ਇਹ ਤਣਾਅ ਸਾਡੇ ਲੋਕਾਂ ਦੀ ਸੁਰੱਖਿਆ ਲਈ ਇੱਕ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਸਥਿਤੀ ਦੀ ਨਾਜ਼ੁਕ ਪ੍ਰਕਿਰਤੀ ਨੂੰ ਦੇਖਦਿਆਂ, ਮੰਤਰੀ ਨੇ ਕਿਹਾ ਕਿ ਉੱਥੇ ਫਸੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਸੁਰੱਖਿਅਤ ਪ੍ਰਬੰਧ ਕਰਨ ਲਈ ਤੁਰੰਤ ਤਾਲਮੇਲ ਬੇਹੱਦ ਜ਼ਰੂਰੀ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਚੱਲ ਰਹੀ ਜੰਗ ਕਾਰਨ ਯੂਏਈ ਦੇ ਵੱਖ-ਵੱਖ ਹਵਾਈ ਅੱਡਿਆਂ 'ਤੇ ਫਸੇ ਪੰਜਾਬ ਦੇ ਸੈਲਾਨੀਆਂ ਅਤੇ ਨਿਵਾਸੀਆਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਗੱਲਬਾਤ ਦੌਰਾਨ, ਉਨ੍ਹਾਂ ਨੇ ਇਸ ਗੰਭੀਰ ਸੰਕਟ ਦੀ ਘੜੀ ਵਿੱਚ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ, ਕੇਂਦਰ ਸਰਕਾਰ ਅਤੇ ਮੱਧ ਪੂਰਬ ਵਿੱਚ ਭਾਰਤੀ ਦੂਤਾਵਾਸਾਂ ਨਾਲ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ। ਡਾ. ਰਵਜੋਤ ਸਿੰਘ ਨੇ ਫਸੇ ਹੋਏ ਲੋਕਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਉਨ੍ਹਾਂ ਦੀ ਸੁਰੱਖਿਅਤ ਪੰਜਾਬ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

# ਪੰਜਾਬ ਨੂੰ ਊਨੀ ਅਤੇ ਫੈਂਸੀ ਧਾਗੇ ਦੇ ਕਾਰੋਬਾਰ ਵਿੱਚ 750 ਕਰੋੜ ਰੁਪਏ ਦਾ ਨਿਵੇਸ਼ ਹਾਸਲ ਹੋਇਆ

## ਗੰਗਾ ਐਕਰੋਵੂਲਜ਼ ਲਿਮਿਟਿਡ ਆਪਣੇ ਕਾਰੋਬਾਰ ਦੇ ਵਿਸਥਾਰ ਨਾਲ ਰੋਜ਼ਗਾਰ ਲਈ 1500 ਨਵੇਂ ਮੌਕੇ ਪੈਦਾ ਕਰੇਗੀ: ਸੰਜੀਵ ਅਰੋੜਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸੰਜੀਵ ਅਰੋੜਾ ਨੇ ਅੱਜ ਇਥੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਨਿਵੇਸ਼ਕਾਂ ਲਈ ਪਸੰਦੀਦਾ ਸਥਾਨ ਬਣਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਸ ਦੇ ਚਲਦਿਆਂ ਗੰਗਾ ਐਕਰੋਵੂਲਜ਼ ਲਿਮਿਟਿਡ, ਜੋ ਕਿ ਊਨੀ ਅਤੇ ਫੈਂਸੀ ਧਾਗੇ ਦੀ ਮੋਹਰੀ ਨਿਰਮਾਤਾ ਹੈ, ਨੇ ਪੰਜਾਬ ਵਿੱਚ ਆਪਣੇ ਕਾਰੋਬਾਰ ਦੇ ਵਿਸਥਾਰ ਦਾ ਐਲਾਨ ਕੀਤਾ ਹੈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੰਜੀਵ ਅਰੋੜਾ ਨੇ ਦੱਸਿਆ ਕਿ ਗੰਗਾ ਐਕਰੋਵੂਲਜ਼ ਲਿਮਿਟਿਡ 60 ਤੋਂ ਵੱਧ ਦੇਸ਼ਾਂ ਨੂੰ ਆਪਣੇ ਉਤਪਾਦ ਬਰਾਮਦ ਕਰਦੀ ਹੈ ਅਤੇ ਮੌਜੂਦਾ ਸਮੇਂ ਕੰਪਨੀ ਵਿੱਚ 5600 ਤੋਂ ਵੱਧ ਕਰਮਚਾਰੀ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕੰਪਨੀ ਦਾ ਸਾਲਾਨਾ ਟਰਨਓਵਰ 850 ਕਰੋੜ ਰੁਪਏ ਹੈ। ਉਨ੍ਹਾਂ ਨਾਲ ਹੀ ਦੱਸਿਆ ਕਿ ਇਸ ਕੰਪਨੀ ਨੇ ਪਿਛਲੇ 4 ਤੋਂ 5 ਸਾਲਾਂ ਵਿੱਚ 3000 ਤੋਂ ਵੱਧ ਵਿਅਕਤੀਆਂ ਲਈ ਰੋਜ਼ਗਾਰ ਦੇ ਮੌਕੇ ਵੀ ਪੈਦਾ ਕੀਤੇ ਹਨ ਅਤੇ 1998 ਤੋਂ ਹਰ ਉਦਯੋਗਿਕ ਨੀਤੀ ਤਹਿਤ ਪੰਜਾਬ 'ਚ ਨਿਰੰਤਰ ਨਿਵੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੰਪਨੀ ਆਪਣੇ ਤਾਜ਼ਾ ਨਿਵੇਸ਼ ਰਾਹੀਂ ਰੋਜ਼ਗਾਰ ਦੇ 1500 ਤੋਂ ਵੱਧ ਨਵੇਂ ਮੌਕੇ ਵੀ ਪੈਦਾ ਕਰੇਗੀ। ਨਵੇਂ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਕੰਪਨੀ ਹੁਣ ਪੰਜਾਬ ਵਿੱਚ 690 ਕਰੋੜ ਰੁਪਏ ਦਾ ਨਿਵੇਸ਼ ਕਰਨ ਜਾ ਰਹੀ ਹੈ, ਜਿਸ ਵਿੱਚੋਂ 53 ਕਰੋੜ ਰੁਪਏ ਪਰਾਲੀ ਆਧਾਰਿਤ ਬਾਇਲਰ ਅਤੇ ਟਰਬਾਈਨ ਲਈ ਨਿਵੇਸ਼ ਕੀਤੇ ਜਾ ਰਹੇ ਹਨ। ਇਸ ਨਾਲ ਪ੍ਰਤੀ ਸਾਲ ਲਗਭਗ 120000 ਟਨ ਪਰਾਲੀ (10000 ਟਨ ਪ੍ਰਤੀ ਮਹੀਨਾ) ਦੀ ਖਪਤ ਹੋਵੇਗੀ, ਜੋ ਲਗਭਗ 20/25 ਕਿਲੋਮੀਟਰ ਦਾਇਰੇ ਅੰਦਰ ਪੈਂਦੇ ਖੇਤਾਂ 'ਚ ਪਰਾਲੀ ਸਾੜਨ ਤੋਂ ਮੁਕਤ ਕਰਨ ਵਿੱਚ ਸਹਾਈ ਹੋਵੇਗਾ।

ਗੰਗਾ ਐਕਰੋਵੂਲਜ਼ ਲਿਮਿਟਿਡ ਦੇ ਪ੍ਰਧਾਨ ਅਮਿਤ ਥਾਪਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੰਗਾ ਐਕਰੋਵੂਲਜ਼ ਲਿਮਿਟਿਡ ਨੇ ਪਿਛਲੇ ਨਿਵੇਸ਼ਕ ਸੰਮੇਲਨ ਵਿੱਚ 301 ਕਰੋੜ ਰੁਪਏ ਦੇ ਨਿਵੇਸ਼ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਸੂਬੇ 'ਚ ਸਾਜ਼ਗਾਰ ਉਦਯੋਗਿਕ ਮਾਹੌਲ, ਕਾਰੋਬਾਰ ਦੀ ਸੌਖ ਨੂੰ ਉਤਸ਼ਾਹਿਤ ਕਰਨ ਲਈ ਨੀਤੀਆਂ 'ਚ ਬਦਲਾਅ ਅਤੇ ਕਾਰੋਬਾਰ ਕਰਨ ਲਈ ਲਾਗਤ ਖ਼ਰਚਿਆਂ 'ਚ ਕਟੌਤੀ ਦੇ ਚਲਦਿਆਂ ਅਸੀਂ ਆਪਣੀ ਨਿਵੇਸ਼ ਰਾਸ਼ੀ ਨੂੰ ਸੋਧ ਕੇ 690 ਕਰੋੜ ਰੁਪਏ ਕਰ ਦਿੱਤਾ ਸੀ ਅਤੇ ਹੁਣ ਅਸੀਂ ਇਸਨੂੰ ਵਧਾ ਕੇ ਲਗਭਗ 750 ਕਰੋੜ ਕਰਨ ਜਾ ਰਹੇ ਹਾਂ। ਇਸ ਵਿੱਚੋਂ 400 ਕਰੋੜ ਰੁਪਏ ਦਾ ਨਿਵੇਸ਼ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਬਾਕੀ ਨਿਵੇਸ਼ ਅਗਲੇ 24 ਮਹੀਨਿਆਂ ਵਿੱਚ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਕੰਪਨੀ ਦੇ ਵਿਸਥਾਰ ਨਾਲ ਹੁਣ ਬੁਣਾਈ, , ਕਾਰਪੇਟ ਅਤੇ ਤਕਨੀਕੀ ਟੈਕਸਟਾਈਲ ਦੇ ਵੱਖ-ਵੱਖ ਹਿੱਸਿਆਂ (ਸੈਗਮੈਂਟਸ) ਲਈ ਧਾਗੇ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਵਿਸਥਾਰ ਉੱਚ-ਮੁੱਲ ਵਾਲੇ ਟੈਕਸਟਾਈਲ ਨਿਰਮਾਣ ਅਤੇ ਨਿਰਯਾਤ ਵਿੱਚ ਪੰਜਾਬ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰੇਗਾ। ਇਸ ਨਾਲ ਵਾਧੂ ਰੋਜ਼ਗਾਰ ਪੈਦਾ ਹੋਣ ਦੇ ਨਾਲ-ਨਾਲ ਸਥਾਨਕ ਮੁੱਲ ਲੜੀ, ਐਮ.ਐਸ.ਐਮ.ਈ. ਅਤੇ ਸਹਾਇਕ ਇਕਾਈਆਂ ਨੂੰ ਹੁਲਾਰਾ ਮਿਲੇਗਾ, ਜਿਸ ਨਾਲ ਖੇਤਰ 'ਚ ਆਰਥਿਕਤਾ ਨੂੰ ਬਲ ਮਿਲੇਗਾ। ਇਹ ਵਿਸਥਾਰ ਪੰਜਾਬ ਦੀਆਂ ਪ੍ਰਗਤੀਸ਼ੀਲ ਉਦਯੋਗਿਕ ਨੀਤੀਆਂ ਅਤੇ ਇਸਦੇ ਨਿਵੇਸ਼ਕ-ਅਨੁਕੂਲ ਮਾਹੌਲ ਦੇ ਮਜ਼ਬੂਤ ਸਮਰਥਨ ਨੂੰ ਦਰਸਾਉਂਦਾ ਹੈ, ਜੋ ਘਰੇਲੂ ਅਤੇ ਵਿਸ਼ਵਵਿਆਪੀ ਨਿਰਮਾਤਾਵਾਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰੇਗਾ।

GILL INSURANCE AGENCY
Specialize in: CROP INSURANCE
We also Specialize in:
Hotel, Motel, Gas Station,
Liquor Stores, Apartments,
Any kind of Commercial Property
Nationwide Agribusiness
Thank you for making us the #1 farm insurance
We do 48 States

- Largest crop insurance in Nation
- We work with 100+ admitted insurance carrier
Avtar Singh Gill  Harry Singh Gill
Toll Free
1-800-348-2767
Harry Gill
(559) 352-9222 Cell
2452, West Tahoe Avenue, Caruthers, CA-93609

Space available for Ad
Contact # +1 (209) 303-1260

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ

**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**

**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

# IMMIGRATION OPPORTUNITIES

## USA SERVICES :

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

## INDIAN SERVICES :

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


Pal Films Production
RED PRO 5.0
RED
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# 'ਯੁੱਧ ਨਸ਼ਿਆਂ ਵਿਰੁੱਧ' ਦਾ ਇੱਕ ਸਾਲ- 36,178 ਐਫਆਈਆਰ, 51,648 ਗ੍ਰਿਫ਼ਤਾਰੀਆਂ

## ਭਗਵੰਤ ਮਾਨ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਹੋਰ ਤੇਜ਼: ਬਲਤੇਜ ਪੰਨੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮਾਨ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਇੱਕ ਸਾਲ ਪੂਰਾ ਹੋਣ 'ਤੇ, ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਅਤੇ ਨਸ਼ਾ ਮੁਕਤੀ ਮੋਰਚਾ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਨਸ਼ਿਆਂ ਦੇ ਵਿਰੁੱਧ ਇੱਕ ਅਜਿਹੀ ਯੋਜਨਾਬੱਧ ਅਤੇ ਬਹੁ-ਪੱਖੀ ਜੰਗ ਲੜ ਰਿਹਾ ਹੈ ਜਿਸਦੀ ਦੁਨੀਆ ਵਿੱਚ ਕਿਤੇ ਵੀ ਮਿਸਾਲ ਨਹੀਂ ਮਿਲਦੀ। ਮੀਡੀਆ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਇਸ ਮੁਹਿੰਮ ਨੂੰ ਇੱਕ ਇਤਿਹਾਸਕ ਅਤੇ ਜਨਤਕ ਅੰਦੋਲਨ ਕਰਾਰ ਦਿੱਤਾ, ਜਿਸ ਨੇ ਨਸ਼ਿਆਂ ਵਿਰੁੱਧ ਲੜਾਈ ਨੂੰ ਇੱਕ ਸੰਗਠਿਤ ਅਤੇ ਨਤੀਜਾ-ਮੁਖੀ ਮਿਸ਼ਨ ਵਿੱਚ ਬਦਲ ਦਿੱਤਾ ਹੈ।

ਆਪ ਪੰਜਾਬ ਦੇ ਰਾਜ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ।ਨਸ਼ਾਖੋਰੀ ਇੱਕ ਵਿਸ਼ਵਵਿਆਪੀ ਖ਼ਤਰਾ ਹੈ। ਅਸੀਂ ਮੈਕਸੀਕੋ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਹਾਲਾਤ ਦੇਖ ਰਹੇ ਹਾਂ, ਅਤੇ ਭਾਰਤ ਦੇ ਹੋਰ ਰਾਜਾਂ ਵਿੱਚ ਵੀ ਵੱਡੀ ਬਰਾਮਦਗੀ ਦੀਆਂ ਖ਼ਬਰਾਂ ਹਨ। ਪਰ ਕੋਈ ਵੀ ਸੂਬਾ ਜਾਂ ਦੇਸ਼ ਇਸ ਲੜਾਈ ਨੂੰ ਪੰਜਾਬ ਵਾਂਗ ਯੋਜਨਾਬੱਧ ਤਰੀਕੇ ਨਾਲ ਨਹੀਂ ਲੜ ਰਿਹਾ।ਪਿਛਲੇ ਇੱਕ ਸਾਲ ਦੇ ਅਧਿਕਾਰਤ ਅੰਕੜੇ ਸਾਂਝੇ ਕਰਦਿਆਂ ਬਲਤੇਜ ਪੰਨੂ ਨੇ ਦੱਸਿਆ, "ਇੱਕ ਸਾਲ ਵਿੱਚ 36,178 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 51,648 ਗ੍ਰਿਫਤਾਰੀਆਂ ਹੋਈਆਂ ਹਨ। 16.70 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਮੁੱਖ ਬਰਾਮਦਗੀ ਵਿੱਚ 2,276.98 ਕਿਲੋ ਹੈਰੋਇਨ, 29,299 ਕਿਲੋ ਭੁੱਕੀ, 686 ਕਿਲੋ ਅਫੀਮ, 807.96 ਕਿਲੋ ਗਾਂਜਾ, 36.47 ਕਿਲੋ ਆਈਸ, 68 ਕਿਲੋ ਚਰਸ ਅਤੇ 4.46 ਕਿਲੋ ਕੋਕੀਨ ਦੇ ਨਾਲ-ਨਾਲ 50 ਹਜ਼ਾਰ ਗੋਲੀਆਂ/ਕੈਪਸੂਲ ਅਤੇ 1,985 ਇੰਜੈਕਸ਼ਨ ਸ਼ਾਮਲ ਹਨ। ਪੰਜਾਬ ਨੇ ਦੇਸ਼ ਵਿੱਚ ਸਭ ਤੋਂ ਵੱਡੀ ਬਰਾਮਦਗੀ ਦਰਜ ਕੀਤੀ ਹੈ।ਉਨ੍ਹਾਂ ਕਿਹਾ ਕਿ ਇਹ ਮੁਹਿੰਮ ਲੰਬੀ ਤਿਆਰੀ ਤੋਂ ਬਾਅਦ ਇਸ ਸਮਝ ਨਾਲ ਸ਼ੁਰੂ ਕੀਤੀ ਗਈ ਸੀ ਕਿ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜੀ ਕੋਈ ਵੀ ਲੜਾਈ ਜਨਤਕ ਭਾਗੀਦਾਰੀ ਤੋਂ ਬਿਨਾਂ ਸਫਲ ਨਹੀਂ ਹੋ ਸਕਦੀ। ਬਲਤੇਜ ਪੰਨੂ ਨੇ ਕਿਹਾ ਕਿ।ਨਸ਼ਾ ਮੁਕਤੀ ਮੋਰਚਾ ਦੇ ਤਹਿਤ ਪੰਜਾਬ ਨੂੰ



ਪੰਜ ਜ਼ੋਨਾਂ ਵਿੱਚ ਵੰਡਿਆ ਗਿਆ ਸੀ: ਦੁਆਬਾ, ਮਾਝਾ, ਮਾਲਵਾ ਪੂਰਬੀ, ਮਾਲਵਾ ਪੱਛਮੀ ਅਤੇ ਮਾਲਵਾ ਕੇਂਦਰੀ। ਅਸੀਂ ਅੱਗੇ ਜ਼ਿਲ੍ਹਾ ਅਤੇ ਹਲਕਾ ਪੱਧਰ ਦੇ ਢਾਂਚੇ ਤਿਆਰ ਕੀਤੇ। ਪੂਰੇ ਪੰਜਾਬ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਅਤੇ ਮੋਗਾ ਦੇ ਨੇੜੇ ਕਿੱਲੀ ਚਾਹਲ ਵਿਖੇ ਹੋਏ ਭਾਰੀ ਇਕੱਠ ਵਿੱਚ ਲੱਖਾਂ ਲੋਕਾਂ ਨੇ ਸ਼ਮੂਲੀਅਤ ਕੀਤੀ।

ਜਵਾਬਦੇਹੀ ਪ੍ਰਣਾਲੀ ਬਾਰੇ ਦੱਸਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਗ੍ਰਾਮ ਰੱਖਿਆ ਕਮੇਟੀ ਦੇ ਮੈਂਬਰਾਂ ਨੂੰ ਨਸ਼ਾ ਤਸਕਰਾਂ ਦੀ ਸਿੱਧੀ ਰਿਪੋਰਟ ਪੁਲਿਸ ਹੈੱਡਕੁਆਰਟਰ ਨੂੰ ਦੇਣ ਲਈ ਇੱਕ ਸੁਰੱਖਿਅਤ ਐਪ ਦਿੱਤੀ ਗਈ ਹੈ, ਅਤੇ 48 ਘੰਟਿਆਂ ਦੇ ਅੰਦਰ ਕਾਰਵਾਈ ਕਰਨੀ ਲਾਜ਼ਮੀ ਹੈ। ਪੂਰੀ ਜਾਂਚ ਤੋਂ ਬਾਅਦ 2,000 ਤੋਂ ਵੱਧ ਸ਼ਿਕਾਇਤਾਂ ਦੇ ਅਧਾਰ 'ਤੇ ਐਫਆਈਆਰ ਅਤੇ ਗ੍ਰਿਫਤਾਰੀਆਂ ਹੋਈਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ ਦੇ ਢਾਂਚੇ ਵਿੱਚ ਵੀ ਵੱਡੀ ਤਬਦੀਲੀ ਕੀਤੀ ਗਈ ਹੈ। ਪੰਨੂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਇਹ ਕੇਂਦਰ ਜੇਲ੍ਹਾਂ ਵਰਗੀਆਂ ਸਹੂਲਤਾਂ ਵਾਂਗ ਕੰਮ ਕਰਦੇ ਸਨ। ਅੱਜ, ਇਹ ਸਾਫ਼-ਸੁਥਰੀਆਂ ਅਤੇ ਸਹਿਯੋਗੀ ਥਾਵਾਂ ਹਨ। ਅਸੀਂ ਪਲੰਬਿੰਗ, ਇਲੈਕਟ੍ਰੀਕਲ ਕੰਮ, ਫਾਸਟ ਫੂਡ ਅਤੇ ਹੋਰ ਕਾਰੋਬਾਰਾਂ ਵਿੱਚ ਹੁਨਰ ਸਿਖਲਾਈ ਸ਼ੁਰੂ ਕੀਤੀ ਹੈ। ਆਈਟੀਆਈ ਇੰਸਟ੍ਰਕਟਰ ਅਤੇ ਨਿੱਜੀ ਕੰਪਨੀਆਂ ਮੁੜ ਵਸੇਬੇ ਅਤੇ ਰੁਜ਼ਗਾਰ ਵਿੱਚ ਸਹਾਇਤਾ ਕਰ ਰਹੀਆਂ ਹਨ, ਤਾਂ ਜੋ ਨਸ਼ਾ ਛੱਡ ਕੇ ਪਰਤਣ ਵਾਲੇ ਲੋਕ ਸਨਮਾਨ ਨਾਲ ਸਮਾਜ ਵਿੱਚ ਮੁੜ ਸ਼ਾਮਲ ਹੋ ਸਕਣ।

ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਦਿਆਂ ਬਲਤੇਜ ਪੰਨੂ ਨੇ ਕਿਹਾ ਕਿ 2007-2017 ਦੀ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਵਿੱਚ ਨਸ਼ਾ ਮਾਫੀਆ ਨੂੰ ਡੂੰਘੀਆਂ ਜੜ੍ਹਾਂ ਜਮਾਉਣ ਦਿੱਤੀਆਂ। ਉਸ ਦਹਾਕੇ ਦੌਰਾਨ ਸਿਆਸੀ ਸਰਪ੍ਰਸਤੀ ਅਤੇ ਜਾਣਬੁੱਝ ਕੇ ਕੀਤੀ ਗਈ ਅਣਗਹਿਲੀ ਕਾਰਨ ਨਸ਼ਾ ਨੈੱਟਵਰਕ ਯੋਜਨਾਬੱਧ ਤਰੀਕੇ ਨਾਲ ਫੈਲਿਆ। ਉਨ੍ਹਾਂ ਅੱਗੇ ਕਿਹਾ ਕਿ ਬਾਅਦ ਵਾਲੀ 2017-2022 ਦੀ ਕਾਂਗਰਸ ਸਰਕਾਰ ਵੀ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਇਸ ਗਠਜੋੜ ਨੂੰ ਤੋੜਨ ਵਿੱਚ ਅਸਫਲ ਰਹੀ। ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿੱਚ ਫੜ ਕੇ ਹਫ਼ਤਿਆਂ ਵਿੱਚ ਨਸ਼ਾ ਖਤਮ ਕਰਨ ਦੀ ਸਹੁੰ ਖਾਧੀ ਸੀ, ਪਰ ਨਤੀਜਾ ਦੇਣ ਦੀ ਬਜਾਏ ਉਹ ਚੁੱਪੀ ਅਤੇ ਅਕਰਮਣਤਾ ਵਿੱਚ ਚਲੇ ਗਏ।ਬਲਤੇਜ ਪੰਨੂ ਨੇ ਕਿਹਾ ਕਿ ਪੰਜ ਸਾਲਾਂ ਤੱਕ ਕਾਂਗਰਸ ਨੇ ਨਾ ਤਾਂ ਸਪਲਾਈ ਚੇਨ ਤੋੜੀ ਅਤੇ ਨਾ ਹੀ ਮਾਸਟਰਮਾਈਂਡਾਂ ਦੀ ਜਵਾਬਦੇਹੀ ਤੈਅ ਕੀਤੀ, ਜਿਸ ਨਾਲ ਪੰਜਾਬ ਇੱਕ ਹਨੇਰੇ ਖੱਡ ਵਿੱਚ ਫਸਿਆ ਰਿਹਾ। ਇਸ ਦੇ ਉਲਟ, ਮਾਨ ਸਰਕਾਰ ਨੇ ਨਸ਼ਾ ਮਾਫੀਆ ਵਿਰੁੱਧ ਨਿਰਣਾਇਕ ਅਤੇ ਲਗਾਤਾਰ ਕਾਰਵਾਈ ਕਰਨ ਦੀ ਇੱਛਾ ਸ਼ਕਤੀ ਦਿਖਾਈ ਹੈ।ਉਨ੍ਹਾਂ ਦਾਅਵਾ ਕੀਤਾ ਕਿ ਸਪਲਾਈ ਲਾਈਨਾਂ ਕਾਫੀ ਹੱਦ ਤੱਕ ਤੋੜ ਦਿੱਤੀਆਂ ਗਈਆਂ ਹਨ। ਬਲਤੇਜ ਪੰਨੂ ਨੇ ਕਿਹਾ ਕਿ।ਕਈ ਤਸਕਰ ਪੰਜਾਬ ਛੱਡ ਕੇ ਭੱਜ ਗਏ ਹਨ ਅਤੇ ਆਪਣੇ ਘਰਾਂ ਨੂੰ ਜਿੰਦਰੇ ਲਗਾ ਦਿੱਤੇ ਹਨ। ਅਸੀਂ ਮੀਡੀਆ ਨੂੰ ਇਨ੍ਹਾਂ ਬੰਦ ਘਰਾਂ ਦੀਆਂ ਵੀਡੀਓਜ਼ ਦਿਖਾਈਆਂ ਹਨ। ਇਹ ਬੰਦ ਘਰ ਸਖ਼ਤ ਪੁਲਿਸਿੰਗ ਦਾ ਸਬੂਤ ਹਨ। ਇਹ ਕਾਰਵਾਈ ਕਮਜ਼ੋਰ ਨਹੀਂ ਹੋਵੇਗੀ। ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਨੂੰ 20 ਸਾਲਾਂ ਤੋਂ ਵੱਧ ਸਮੇਂ ਤੱਕ ਹਨੇਰੇ ਖੱਡ ਵਿੱਚ ਧੱਕਿਆ ਗਿਆ। ਇਹ ਸਿਰਫ਼ ਸਾਡੀ ਇਕੱਲਿਆਂ ਦੀ ਲੜਾਈ ਨਹੀਂ ਹੈ; ਇਹ ਅਗਲੀ ਪੀੜ੍ਹੀ ਲਈ ਹੈ। ਅਸੀਂ ਰੰਗਲਾ ਪੰਜਾਬ ਬਣਾਵਾਂਗੇ ਅਤੇ ਇਸ ਨੂੰ 'ਉਡਤਾ ਪੰਜਾਬ' ਨਹੀਂ ਰਹਿਣ ਦਿਆਂਗੇ।

# ਪੰਜਾਬ ਵਿੱਚ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਇਕ ਸਾਲ ਸਫ਼ਲਤਾਪੂਰਵਕ ਮੁਕੰਮਲ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਸ਼ਿਆਂ ਵਿਰੁੱਧ ਸਾਂਝੀ ਲੜਾਈ ਲਈ ਲੋਕਾਂ ਨੂੰ ਦਿੱਤੀ ਵਧਾਈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਇਕ ਸਾਲ ਸਫ਼ਲਤਾਪੂਰਵਕ ਮੁਕੰਮਲ ਹੋਣ 'ਤੇ ਪੰਜਾਬ ਦੇ ਲੋਕਾਂ ਨੂੰ ਵਧਾਈ ਦਿੱਤੀ ਅਤੇ ਇਸ ਨੂੰ ਪੰਜਾਬ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਮੁਕਤ ਕਰਨ ਲਈ ਫੈਸਲਾਕੁਨ ਤੇ ਬੇਮਿਸਾਲ ਮੁਹਿੰਮ ਐਲਾਨਿਆ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਇਸ ਜਨ ਅੰਦੋਲਨ ਦੀ ਪਹਿਲੀ ਵਰ੍ਹੇਗੰਢ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮੁਹਿੰਮ ਨੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਲੜਾਈ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ, ਜਿਸ ਨਾਲ ਨਸ਼ਾ ਸਪਲਾਈ ਦੇ ਨੈੱਟਵਰਕ ਨੂੰ ਸਖ਼ਤੀ ਨਾਲ ਖ਼ਤਮ ਕੀਤਾ ਗਿਆ ਹੈ।ਇਕ ਬਿਆਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪੰਜਾਬ ਵਿੱਚ ਡਰੱਗ ਨੈੱਟਵਰਕ ਵਿਰੁੱਧ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਰਹੀ ਹੈ। ਪੰਜਾਬ ਵਿੱਚ ਪਿਛਲੀਆਂ ਸਰਕਾਰਾਂ ਨੇ ਡਰੱਗ ਵਪਾਰ ਨੂੰ ਸਰਪ੍ਰਸਤੀ ਦਿੱਤੀ ਸੀ, ਜਿਸ ਨਾਲ ਸੂਬੇ ਦੀਆਂ ਕਈ ਪੀੜ੍ਹੀਆਂ ਬਰਬਾਦ ਹੋ ਗਈਆਂ ਸਨ। ਦੂਜੇ ਪਾਸੇ ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਕੇ ਅਤੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਕੇ ਨਸ਼ਿਆਂ ਦੇ ਵਪਾਰ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ।"ਇਸ ਮੁਹਿੰਮ ਦੇ ਪੱਧਰ ਅਤੇ ਪ੍ਰਭਾਵ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਮੁਹਿੰਮ ਨੂੰ ਆਮ ਆਦਮੀ ਦੇ ਸਰਗਰਮ ਸਹਿਯੋਗ ਨਾਲ ਇਕ ਜਨ ਲਹਿਰ ਵਿੱਚ ਬਦਲਣ ਲਈ ਇਕ ਵਿਆਪਕ ਅਤੇ ਬਹੁਪੱਖੀ ਰਣਨੀਤੀ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ, "ਪਿਛਲੇ ਇਕ ਸਾਲ ਵਿੱਚ ਮਾਰਚ 2025 ਤੋਂ ਫਰਵਰੀ 2026 ਤੱਕ ਨਸ਼ਿਆਂ ਦੇ ਖ਼ਤਰੇ ਵਿਰੁੱਧ ਜ਼ੀਰੋ-ਟੌਲਰੈਂਸ ਨੀਤੀ ਅਪਣਾਈ ਗਈ।"ਇਸ ਮੁਹਿੰਮ ਤਹਿਤ ਕੀਤੀ ਕਾਰਵਾਈ ਦਾ ਵੇਰਵਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਨਸ਼ਾ ਤਸਕਰਾਂ ਵਿਰੁੱਧ ਕੁੱਲ 36,178 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ, 51,648 ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 2,277 ਕਿਲੋ ਹੈਰੋਇਨ ਜ਼ਬਤ ਕੀਤੀ ਗਈ ਅਤੇ 49 ਲੱਖ ਤੋਂ ਵੱਧ ਨਸ਼ੇ ਦੀਆਂ ਗੋਲੀਆਂ ਤੇ ਕੈਪਸੂਲ ਜ਼ਬਤ ਕੀਤੇ ਗਏ ਹਨ।"ਉਨ੍ਹਾਂ ਅੱਗੇ ਕਿਹਾ, "ਨਸ਼ਾ ਤਸਕਰਾਂ ਤੋਂ 16.70 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ ਅਤੇ ਤਸਕਰਾਂ ਨਾਲ ਸਬੰਧਤ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਜ਼ਬਤ ਜਾਂ ਢਾਹ ਦਿੱਤੀਆਂ ਗਈਆਂ ਹਨ। ਐਨ.ਡੀ.ਪੀ.ਐਸ. ਐਕਟ ਤਹਿਤ ਕੁੱਲ ਸਜ਼ਾ ਦਰ ਲਗਪਗ 84 ਫੀਸਦੀ ਹੈ, ਜੋ ਲਗਾਤਾਰ ਸੁਧਰ ਰਹੀ ਹੈ ਅਤੇ 2025 ਵਿੱਚ ਲਗਪਗ 88 ਫੀਸਦੀ ਤੱਕ ਪਹੁੰਚ ਗਈ ਹੈ। ਇਹ ਮਜ਼ਬੂਤ ਕੇਸ ਤਿਆਰੀ ਅਤੇ ਫੋਰੈਂਸਿਕ ਸਹਾਇਤਾ ਨੂੰ ਦਰਸਾਉਂਦੀ ਹੈ।"ਭਗਵੰਤ ਸਿੰਘ ਮਾਨ ਨੇ ਪਿਛਲੀਆਂ ਸਰਕਾਰਾਂ ਤੋਂ ਹੁਣ ਦੇ




ਹਾਲਾਤ ਵਿੱਚ ਆਏ ਸਪੱਸ਼ਟ ਫਰਕ ਬਾਰੇ ਕਿਹਾ, "ਪੁਰਾਣੇ ਆਗੂਆਂ ਦੇ ਉਲਟ ਪੰਜਾਬ ਸਰਕਾਰ ਹੁਣ ਨਸ਼ਾ ਪੀੜਤਾਂ ਦੀਆਂ ਲਾਸ਼ਾਂ ਅਤੇ ਚਿਤਾਵਾਂ ਦੀ ਕੀਮਤ 'ਤੇ ਤਸਕਰਾਂ ਨੂੰ ਵਧਦੇ-ਫੁੱਲਦੇ ਦੇਖਣ ਲਈ ਚੁੱਪ ਨਹੀਂ ਬੈਠੀ ਹੈ। ਅਸੀਂ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਯਕੀਨੀ ਬਣਾਈ ਹੈ।"ਪੰਜਾਬ ਸਰਕਾਰ ਦਾ ਦ੍ਰਿੜ੍ਹ ਇਰਾਦਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "ਪੰਜਾਬ ਸਰਕਾਰ ਦੀ ਲੜਾਈ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਹੈ ਅਤੇ ਇਹ ਬਿਨਾਂ ਕਿਸੇ ਰੋਕ-ਟੋਕ ਤੋਂ ਲਗਾਤਾਰ ਜਾਰੀ ਰਹੇਗੀ।"

# ਟਰੰਪ ਨੇ ਅਮਰੀਕੀਆਂ ਨੂੰ ਮਿਡਲ ਈਸਟ ਛੱਡਣ ਦੀ ਕੀਤੀ ਅਪੀਲ, ਕਿਹਾ ਅਜੇ ਸਭ ਤੋਂ ਵੱਡਾ ਹਮਲਾ ਹੋਣਾ ਬਾਕੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅੱਜ ਇਜ਼ਰਾਈਲ, ਅਮਰੀਕਾ ਅਤੇ ਈਰਾਨ ਵਿਚਕਾਰ ਜੰਗ ਦਾ ਚੌਥਾ ਦਿਨ ਹੈ। ਇਸ ਦੌਰਾਨ, ਈਰਾਨ ਤੋਂ ਦੋ ਡਰੋਨਾਂ ਨੇ ਸਾਊਦੀ ਅਰਬ ਦੇ ਰਿਆਧ ਵਿੱਚ ਅਮਰੀਕੀ ਦੂਤਾਵਾਸ 'ਤੇ ਹਮਲਾ ਕੀਤਾ। ਫੌਕਸ ਨਿਊਜ਼ ਦੀ ਰਿਪੋਰਟ ਦੇ ਅਨੁਸਾਰ, ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀਆਂ ਨੂੰ ਜਲਦੀ ਤੋਂ ਜਲਦੀ ਮੱਧ ਪੂਰਬ ਛੱਡਣ ਦੀ ਅਪੀਲ ਕੀਤੀ ਹੈ। ਟਰੰਪ ਨੇ ਕਿਹਾ ਹੈ ਕਿ ਈਰਾਨ 'ਤੇ ਸਭ ਤੋਂ ਵੱਡਾ ਹਮਲਾ ਅਜੇ ਬਾਕੀ ਹੈ।ਸੋਮਵਾਰ ਨੂੰ ਵ੍ਹਾਈਟ ਹਾਊਸ ਵਿਖੇ ਇੱਕ ਬਿਆਨ ਵਿੱਚ, ਉਨ੍ਹਾਂ ਕਿਹਾ ਕਿ ਈਰਾਨ ਨਾਲ ਜੰਗ 4-5 ਹਫ਼ਤੇ ਚੱਲ ਸਕਦੀ ਹੈ, ਪਰ ਜੇ ਲੋੜ ਪਈ ਤਾਂ ਇਹ ਮੁਹਿੰਮ ਲੰਬੇ ਸਮੇਂ ਤੱਕ ਜਾਰੀ ਰਹੇਗੀ। ਟਰੰਪ ਦੇ ਅਨੁਸਾਰ, ਅਮਰੀਕੀ ਫੌਜ ਇਸ ਸਮੇਂ ਈਰਾਨ ਵਿੱਚ ਵੱਡੇ ਪੱਧਰ 'ਤੇ ਫੌਜੀ ਕਾਰਵਾਈਆਂ ਕਰ ਰਹੀ ਹੈ। ਅਮਰੀਕਾ ਕੋਲ ਦੁਨੀਆ ਦੀ ਸਭ ਤੋਂ ਵੱਡੀ ਫੌਜ ਹੈ ਅਤੇ ਇਸਦੀ ਵਰਤੋਂ ਕੀਤੀ ਜਾ ਰਹੀ ਹੈ। ਟਰੰਪ ਨੇ ਕਿਹਾ ਹੈ ਕਿ ਈਰਾਨ ਨੇ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਮੁੜ ਸ਼ੁਰੂ ਨਾ ਕਰਨ ਦੀਆਂ ਅਮਰੀਕੀ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕੀਤਾ, ਅਤੇ ਕਿਹਾ ਕਿ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਇੱਕ ਖ਼ਤਰਾ ਬਣਦਾ ਜਾ ਰਿਹਾ ਹੈ।ਅਲ-ਜਜ਼ੀਰਾ ਦੇ ਅਨੁਸਾਰ, ਅਮਰੀਕਾ ਅਤੇ ਇਜ਼ਰਾਈਲ ਨੇ ਸਾਂਝੇ ਤੌਰ 'ਤੇ ਈਰਾਨ ਵਿੱਚ 1,000 ਤੋਂ ਵੱਧ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਪਹਿਲੇ 30 ਘੰਟਿਆਂ ਵਿੱਚ 2,000 ਤੋਂ ਵੱਧ ਬੰਬ ਸੁੱਟੇ ਗਏ। ਹੁਣ ਤੱਕ, 555 ਲੋਕ ਮਾਰੇ ਗਏ ਹਨ ਅਤੇ 700 ਤੋਂ ਵੱਧ ਜ਼ਖਮੀ ਹੋਏ ਹਨ। ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ 28 ਫਰਵਰੀ ਨੂੰ ਸ਼ੁਰੂ ਹੋਈ



ਲੜਾਈ ਦੇ ਪਹਿਲੇ ਦਿਨ ਬੰਬ ਧਮਾਕੇ ਵਿੱਚ ਮਾਰੇ ਗਏ ਸਨ। ਇਸ ਤੋਂ ਇਲਾਵਾ, ਐਤਵਾਰ ਨੂੰ ਤਿੰਨ ਅਮਰੀਕੀ ਸੈਨਿਕ ਮਾਰੇ ਗਏ ਸਨ।


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital
DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕਾਰਨੀ ਦੀ ਭਾਰਤ ਫੇਰੀ 'ਚੋਂ ਪੰਜਾਬ ਦਰਕਿਨਾਰ, ਦੋਸ਼ੀ ਕੌਣ ?

## ਕੈਨੇਡੀਅਨ ਹਿਤਾਂ ਦੀ ਬਲੀ ਦੇਣ ਲਈ ਉਤਾਵਲੇ ਖਾਲਿਸਤਾਨੀ

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕਰਨੀ ਨੇ ਆਪਣੀ ਭਾਰਤ ਫੇਰੀ ਦੀ ਘੋਸ਼ਣਾ ਕਰ ਦਿੱਤੀ ਹੈ। ਉਹ ਭਾਰਤ ਵਿੱਚ ਮੁੰਬਈ ਅਤੇ ਨਵੀਂ ਦਿੱਲੀ ਵਿਖੇ ਕਾਰੋਬਾਰੀਆਂ ਅਤੇ ਸਿਆਸੀ ਲੀਡਰਾਂ ਨਾਲ ਮੁਲਾਕਾਤ ਕਰਨਗੇ, ਜਿੱਥੇ ਕੈਨੇਡਾ ਅਤੇ ਭਾਰਤ ਦਰਮਿਆਨ ਵਪਾਰ ਨੂੰ ਉਤਸਾਹਿਤ ਕਰਨ ਅਤੇ ਊਰਜਾ ਸਮਝੌਤਿਆਂ ਉੱਪਰ ਗੱਲਬਾਤ ਕੀਤੀ ਜਾਵੇਗੀ। ਕੈਨੇਡਾ ਤੇ ਭਾਰਤ ਦਰਮਿਆਨ 2010 ਤੋਂ ਚੱਲ ਰਹੇ ਸੀਈਪੀਏ ਫਰੀ ਟਰੇਡ ਐਗਰੀਮੈਂਟ ਦੀ ਦੁਵੱਲੀ ਗੱਲਬਾਤ ਨੂੰ ਵੀ ਨੇੜੇ ਲਾਉਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਭਾਰਤ ਦੇ ਨਾਲ ਨਾਲ ਕਾਰਨੀ ਆਸਟਰੇਲੀਆ ਅਤੇ ਜਾਪਾਨ ਦਾ ਦੌਰਾ ਵੀ ਕਰ ਰਹੇ

ਕਾਰਨੀ ਦੀ ਇਹ ਭਾਰਤ ਫੇਰੀ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਦਰਮਿਆਨ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਬਦ ਤੋਂ ਬਦਤਰ ਹੋ ਗਏ ਸਨ, ਪਰ ਕਾਰਨੀ ਨੇ ਇਹਨਾਂ ਰਿਸ਼ਤਿਆਂ ਨੂੰ ਮੁੜ ਲੀਹ ਤੇ ਲਿਆਉਣ ਦਾ ਬੇੜਾ ਚੁੱਕਿਆ ਹੋਇਆ ਹੈ। ਉਹਨਾਂ ਨੇ ਚੋਣ ਪ੍ਰਚਾਰ ਦੌਰਾਨ ਹੀ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਉਹ ਭਾਰਤ ਦੇ ਨਾਲ ਇੱਕ ਮਜਬੂਤ ਰਿਸ਼ਤਾ ਚਾਹੁੰਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨੂੰ ਜੀ-7 ਸਿਖਰ ਸੰਮੇਲਨ ਜੋ ਕੈਨਾਸਕਸ (ਕੈਨੇਡਾ) ਵਿਖੇ ਹੋਇਆ ਸੀ ਉਸਦਾ ਸੱਦਾ ਪੱਤਰ ਭੇਜ ਕੇ ਕਾਰਨੀ ਨੇ ਇਹ ਦਰਸਾ ਦਿੱਤਾ ਸੀ ਕਿ ਉਹ ਖਾਲਿਸਤਾਨੀ ਧਿਰਾਂ ਅਤੇ ਉਹਨਾਂ ਦੇ ਸਹਿਯੋਗੀ ਮੀਡੀਆ ਦੇ ਦਬਾਅ ਵਿੱਚ ਆਉਣ ਵਾਲੇ ਨਹੀਂ ਤੇ ਉਹਨਾਂ ਦੇ ਅਮਲ ਸਿਰਫ ਕੈਨੇਡਾ ਅਤੇ ਕੈਨੇਡੀਅਨ ਲੋਕਾਂ ਦੇ ਹਿੱਤਾਂ ਨੂੰ ਅੱਗੇ ਰੱਖ ਕੇ ਹੀ ਅੱਗੇ ਵਧਣਗੇ।

ਇਸ ਫੇਰੀ ਦਾ ਇੱਕ ਹੋਰ ਅਹਿਮ ਪਹਿਲੂ ਹੈ ਕਿ ਬੀਤੇ ਵਿੱਚ ਕੋਈ ਵੀ ਕਨੇਡੀਅਨ ਪ੍ਰਧਾਨ ਮੰਤਰੀ ਜਦੋਂ ਵੀ ਭਾਰਤ ਜਾਂਦਾ ਹੈ ਤਾਂ ਇਸ ਫੇਰੀ ਵਿੱਚ ਪੰਜਾਬ ਵੀ ਇੱਕ ਪੜਾਅ ਹੁੰਦਾ ਹੈ, ਚਾਹੇ ਉਹ ਜੋਹਨ ਕ੍ਰਿਸਚਨ ਹੋਣ, ਸਟੀਫਨ ਹਾਰਪਰ ਜਾਂ ਜਸਟਿਨ ਟਰੂਡੋ। ਪਾਲ ਮਾਰਟਿਨ ਤੋਂ ਛੁੱਟ ਸਾਰੇ ਹੀ ਪ੍ਰਧਾਨ ਮੰਤਰੀ ਆਪਣੀ ਭਾਰਤ ਫੇਰੀ ਦੌਰਾਨ ਪੰਜਾਬ ਗਏ ਪਰ ਇਸ ਵਾਰ ਜੋ ਕਾਰਨੀ ਦੀ ਫੇਰੀ ਦੇ ਵੇਰਵੇ ਸਾਹਮਣੇ ਆਏ ਹਨ ਉਹਨਾਂ ਵਿੱਚ ਇਹ ਸਪਸ਼ਟ ਹੋ ਚੁੱਕਾ ਹੈ ਕਿ ਪ੍ਰਧਾਨ ਮੰਤਰੀ ਪੰਜਾਬ ਵਿਖੇ ਪੜਾਅ ਨਹੀਂ ਕਰਨਗੇ। ਇਸ ਫੈਸਲੇ ਨੇ ਕੈਨੇਡਾ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਵਿੱਚ ਇੱਕ ਚਰਚਾ ਛੇੜ ਦਿੱਤੀ ਹੈ। ਜਦੋਂ ਇਸ ਬਾਰੇ ਪ੍ਰਧਾਨ ਮੰਤਰੀ ਦਫਤਰ ਦੇ ਸਟਾਫ ਨੂੰ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਹੈ ਕਿ ਮਾਰਕ ਕਾਰਨੀ ਦੀ ਫੇਰੀ ਇਕਨਾਮਿਕ ਅਤੇ ਰਾਜਨੀਤਿਕ ਮਸਲਿਆਂ ਨੂੰ ਅੱਗੇ ਰੱਖ ਕੇ ਉਲੀਕੀ ਗਈ ਹੈ ਅਤੇ ਸੱਭਿਆਚਾਰਕ ਮਸਲਿਆਂ ਵਿੱਚ ਤਾਂ ਉਹ ਅਕਸਰ ਕੈਨੇਡਾ ਵਿਖੇ ਵੀ ਸ਼ਿਰਕਤ ਕਰਦੇ ਰਹਿੰਦੇ ਹਨ। ਇਸ ਸਭ ਦੇ ਬਾਵਜੂਦ ਪੰਜਾਬੀ ਅਤੇ ਸਿੱਖ ਭਾਈਚਾਰੇ ਵਿੱਚ ਇਸ ਗੱਲ ਨੂੰ ਲੈ ਕੇ ਕੁਝ ਨਿਰਾਸ਼ਾ ਦਿਖਾਈ ਦੇ ਰਹੀ ਹੈ, ਪਰ ਅੱਜ ਜਦੋਂ ਪੰਜਾਬ ਅੰਤਰਰਾਸ਼ਟਰੀ ਆਗੂਆਂ ਦੇ ਏਜੰਡੇ ਤੋਂ ਅੱਖੋਂ ਪਰੋਖੇ ਹੋ ਰਿਹਾ ਹੈ ਤਾਂ ਅੱਜ ਸਿੱਖ ਭਾਈਚਾਰੇ ਨੂੰ ਅਤੇ ਪੰਜਾਬੀ ਭਾਈਚਾਰੇ ਨੂੰ ਸਿਰ ਜੋੜ ਕੇ ਇਸ ਦੇ ਉੱਪਰ ਮੰਥਨ ਕਰਨ ਦੀ ਲੋੜ ਹੈ ਕਿ ਪੰਜਾਬ ਦੇ ਹਾਸ਼ੀਏ ਤੇ ਜਾਣ ਦਾ ਕਾਰਨ ਕੌਣ ਲੋਕ ਜਾਂ ਕਿਹੜੀ ਧਿਰ ਹੈ। ਪੰਜਾਬੀ ਭਾਈਚਾਰੇ ਨੇ ਪਿਛਲੇ 100 ਸਾਲਾਂ ਤੋਂ ਵੀ ਵੱਧ ਸਮੇਂ ਦੌਰਾਨ ਕੈਨੇਡਾ ਵਿੱਚ ਆਪਣੀ ਵਿਲੱਖਣ ਪਹਿਚਾਣ ਕਾਇਮ ਕੀਤੀ ਹੈ ਅਤੇ ਸਮਾਜ ਦੇ ਹਰ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ। ਪੰਜਾਬੀ ਭਾਈਚਾਰਾ ਰਾਜਨੀਤਕ ਤੌਰ 'ਤੇ ਵੀ ਕੈਨੇਡਾ ਵਿੱਚ ਬੜਾ ਸਮਰੱਥ ਹੈ, ਪਰ ਪਿਛਲੇ ਚਾਰ ਦਹਾਕਿਆਂ ਤੋਂ ਸੰਪਰਦਾਇਕ ਖਾਲਿਸਤਾਨੀ ਧਿਰਾਂ ਵੱਲੋਂ ਚਲਾਈ ਜਾ ਰਹੀ ਨਫਰਤ ਦੀ ਮੁਹਿੰਮ ਪੰਜਾਬ ਅਤੇ ਪੰਜਾਬੀਅਤ ਦੀ ਦੁਸ਼ਮਣ ਬਣ ਕੇ ਸਾਹਮਣੇ ਆਈ ਹੈ। ਜਿੰਨਾ ਨੁਕਸਾਨ ਇਨ੍ਹਾਂ ਵੰਡ ਪਾਊ ਤਾਕਤਾਂ ਨੇ ਪੰਜਾਬ, ਪੰਜਾਬੀਅਤ ਅਤੇ ਕੋਮਾਂਤਰੀ ਪੰਜਾਬੀ ਭਾਈਚਾਰੇ ਦਾ ਕੀਤਾ ਹੈ ਸ਼ਾਇਦ ਹੀ ਕਿਸੇ ਹੋਰ ਤਨਜੀਮ ਜਾਂ ਖਿਆਲ ਨੇ ਕੀਤਾ ਹੋਵੇ। ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪੰਜਾਬੀ ਮੂਲ ਦੇ ਕੁਝ ਮੈਂਬਰ ਆਫ ਪਾਰਲੀਮੈਂਟਸ ਜੋ ਖਾਲਿਸਤਾਨੀ ਧਿਰਾਂ ਦੇ ਸਮਰਥਕ ਹਨ ਜਾਂ ਉਹਨਾਂ ਤੋਂ ਵੋਟਾਂ ਹਾਸਲ ਕਰਨ ਦੇ ਚਾਹਵਾਨ ਹਨ, ਉਨ੍ਹਾਂ ਨੇ ਕਾਰਨੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ਚਾਹੇ ਉਹ ਪ੍ਰਧਾਨ ਮੰਤਰੀ ਮੋਦੀ ਦੀ ਕੈਨੇਡਾ ਜੀ-7 ਤੇ ਫੇਰੀ ਸੀ, ਚਾਹੇ ਉਹ ਭਾਰਤ ਦੇ ਨਾਲ ਸਿਆਸੀ ਅਤੇ ਸੁਰੱਖਿਆ ਸੰਬੰਧ ਸੁਲਝਾਉਣ ਦੀ ਕੋਈ ਵੀ ਪਹਿਲ ਸੀ। ਗੱਲ ਕੀ ਇਨ੍ਹਾਂ ਲੋਕਾਂ ਨੇ ਹਰੇਕ ਕਦਮ ਉੱਤੇ ਕਨੇਡੀਅਨ ਪ੍ਰਧਾਨ ਮੰਤਰੀ ਅਤੇ ਕੈਨੇਡੀਅਨ ਸਰਕਾਰ ਨੂੰ ਘੇਰਨ ਅਤੇ ਜਲੀਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕੈਨੇਡੀਅਨ ਹਿਤਾਂ ਨੂੰ ਛਿੱਕੇ ਟੰਗਦੇ ਹੋਇਆ ਇੱਕ ਖਾਸ ਗਰੁੱਪ ਦੇ ਨਫਰਤੀ ਏਜੰਡੇ ਨੂੰ ਲਾਗੂ ਕਰਨ ਦੀ ਮੰਗ ਸਰਕਾਰਾਂ ਤੋਂ ਸਿੱਧੇ ਢੰਗ ਨਾਲ ਕੀਤੀ ਜਾਣ ਲੱਗੀ, ਜਿਸ ਨਾਲ ਸਾਰਾ ਪੰਜਾਬੀ ਭਾਈਚਾਰਾ ਸ਼ਰਮਸਾਰ ਹੋਇਆ ਅਤੇ ਸਰਕਾਰ ਦੀ ਨਿਗ੍ਹਾ ਵਿੱਚ ਪੰਜਾਬੀ ਭਾਈਚਾਰੇ ਦੇ ਨਾਲ ਜੁੜੇ ਮਸਲੇ ਵਿਵਾਦਿਤ ਹੋ ਗਏ। ਹੁਣ ਅਜਿਹੇ ਹਾਲਾਤ ਵਿੱਚ ਕਿਹੜੀ ਸਰਕਾਰ ਜਾਂ ਕਿਹੜਾ ਆਗੂ ਇਹ ਚਾਹੇਗਾ ਕਿ ਕੋਈ ਵਿਵਾਦ ਉਸ ਦੀ ਸਰਕਾਰ ਦੇ ਗਲ ਪੈ ਜਾਵੇ ? ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਉਹਨਾਂ ਦੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਵੀ ਇਨ੍ਹਾਂ ਖਾਲਿਸਤਾਨੀ ਇੰਤਹਾ ਪਸੰਦਾਂ ਨੇ ਵਾਰ-ਵਾਰ ਧਮਕਾਉਣ ਦੀ ਕੋਸ਼ਿਸ਼ ਕੀਤੀ ਸੀ, ਜਦੋਂ ਕੈਨੇਡਾ ਦੀ ਵਿਦੇਸ਼ ਮੰਤਰੀ ਬੀਬੀ ਅਨੀਤਾ ਆਨੰਦ ਦੀ ਤਸਵੀਰ ਨੂੰ ਇੰਦਰਾ ਗਾਂਧੀ ਦੀ ਤਸਵੀਰ ਨਾਲ ਜੋੜ ਕੇ ਉਹਨਾਂ ਦੇ ਖਿਲਾਫ ਹਿੰਸਾ ਦਰਸਾਈ ਗਈ ਸੀ। ਇਸੇ ਤਰਜ਼ ਤੇ ਜਦੋਂ ਫੈਡਰਲ ਇੰਟਰਨੈਸ਼ਨਲ ਟਰੇਡ ਮਨਿਸਟਰ ਮਨਿੰਦਰ ਸਿੱਧੂ ਭਾਰਤ ਨਾਲ ਟਰੇਡ ਡੀਲ ਕਰਨ ਲਈ ਗਏ ਤਾਂ ਓਂਟਾਰੀਓ ਸਿੱਖ ਕੌਂਸਲ ਨੇ ਸਿੱਧੂ ਦੇ ਸਮਾਜਿਕ ਬਾਈਕਾਟ ਕਰਨ ਤੱਕ ਦਾ ਸੱਦਾ ਦੇ ਦਿੱਤਾ ਸੀ। ਕੀ ਅਜਿਹੀਆਂ ਕਾਰਵਾਈਆਂ ਕਿਸੇ ਭਾਈਚਾਰੇ ਨੂੰ ਸੋਭਦੀਆਂ ਹਨ ? ਕਿਉਂ ਚੰਦ ਖਾਲਿਸਤਾਨੀ ਗੁੰਡਿਆਂ ਨੂੰ ਸਿੱਖਾਂ ਤੇ ਪੰਜਾਬੀਆਂ ਦਾ ਅਖੌਤੀ ਨੁਮਾਇੰਦਾ ਥਾਪਣ ਦਾ ਕੰਮ ਕੈਨੇਡੀਅਨ ਮੀਡੀਆ ਕਰਦਾ ਆ ਰਿਹਾ ਹੈ ਅਤੇ ਕਿਸ ਤਰ੍ਹਾਂ ਉਹਨਾਂ ਦੇ ਨਾਪਾਕ ਕਾਰੇ ਸਾਰੇ ਪੰਜਾਬੀ ਭਾਈਚਾਰੇ ਦੇ ਮੱਥੇ ਮੜੇ ਜਾਂਦੇ ਹਨ ਇਹ ਵੀ ਇੱਕ ਸਮਝਣ ਤੇ ਵਿਚਾਰਨ ਦਾ ਵਿਸ਼ਾ ਨਹੀਂ ਹੈ ?

ਖਾਲਿਸਤਾਨੀ ਵੱਖਵਾਦੀਆਂ ਅਤੇ ਇੰਤਹਾ ਪਸੰਦਾਂ ਦੇ ਕੀਤੇ ਕਾਰਨਾਮਿਆਂ ਦਾ ਮੁੱਲ ਅੱਜ ਸਾਰਾ ਪੰਜਾਬੀ ਭਾਈਚਾਰਾ ਚੁਕਾ ਰਿਹਾ ਹੈ। ਸਿੱਖ ਧਰਮ ਦੇ ਨੁਮਾਇੰਦੇ ਹੋਣ ਦੇ ਦਾਅਵੇ ਕਰਨ ਵਾਲੀਆਂ ਜਥੇਬੰਦੀਆਂ ਜੋ ਭਾਈਚਾਰੇ ਨੂੰ ਇਹ ਕਹਿੰਦੀਆਂ ਹਨ ਕਿ ਉਹ ਸਿੱਖਾਂ ਦੇ ਧਾਰਮਿਕ ਮਸਲਿਆਂ ਦੀ ਲੜਾਈ ਲੜਦੀਆਂ ਹਨ ਕਿਉਂ ਅੱਜ ਖਾਲਿਸਤਾਨੀ ਇੰਤਹਾ ਪਸੰਦੀ ਦੇ ਪ੍ਰਭਾਵ ਹੇਠਾਂ ਆ ਕੇ ਝੂਠ ਅਤੇ ਪ੍ਰਾਪੇਗੰਡਾ ਫੈਲਾਉਣ ਦਾ ਫਲੇਟਫਾਰਮ ਬਣ ਗਈਆਂ ਹਨ ?। ਇਸ ਵਰਤਾਰੇ ਦੇ ਸਿਰ ਚੜ੍ਹਨ ਲਈ ਵੀ ਸਾਡਾ ਭਾਈਚਾਰਾ ਕਿਸੇ ਨਾ ਕਿਸੇ ਹੱਦ ਤੱਕ ਜਿੰਮੇਵਾਰ ਹੈ ਕਿਉਂਕਿ ਜਦੋਂ ਇਹ ਚੰਦ ਖਾਲਿਸਤਾਨੀ ਸਿੱਖ ਕੌਮ ਦੇ ਨੁਮਾਇੰਦੇ ਹੋਣ ਦਾ ਦਾਅਵਾ ਕਰਦੇ ਹਨ ਉਦੋਂ ਅਸੀਂ ਇਸਦਾ ਵਿਰੋਧ ਨਹੀਂ ਕਰਦੇ ਤੇ ਇਸੇ ਚੁੱਪ ਦਾ ਫਾਇਦਾ ਇਨ੍ਹਾਂ ਲੋਕਾਂ ਨੂੰ ਹੁੰਦਾ ਹੈ ਕਿ ਸਰਕਾਰਾਂ ਤੇ ਹੋਰ ਭਾਈਚਾਰੇ ਸਮਝਦੇ ਹਨ ਕਿ ਸ਼ਾਇਦ ਇਹ ਹੀ ਪੂਰੀ ਕੌਮ ਦੀ ਨੁਮਾਇੰਦਗੀ ਕਰਦੇ ਹਨ, ਜਦੋਂਕਿ ਅਸਲੀਅਤ ਇਹ ਹੈ ਕਿ ਖਾਲਿਸਤਾਨ ਕਦੇ ਵੀ ਸਿੱਖਾਂ ਦੀ ਮੰਗ ਨਹੀਂ ਰਿਹਾ ਇੱਥੋਂ ਤੱਕ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਵੀ ਕਦੇ ਇਹ ਮੰਗ ਨਹੀਂ ਸੀ ਰੱਖੀ, ਜੇ ਇਹੁ ਸਿੱਖ ਕੌਮ ਦੀ ਮੰਗ ਹੁੰਦੀ ਤਾਂ ਇਤਿਹਾਸ ਗਵਾਹ ਹੈ ਕਿ ਮਸਲਾ ਹੁਣ ਤੱਕ ਕਿਸੇ ਤਨ ਪੱਤਣ ਲੱਗ ਜਾਣਾ ਸੀ। ਇਨ੍ਹਾਂ ਖਾਸ ਏਜੰਡੇ ਵਾਲੇ ਲੋਕਾਂ ਨੇ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਭੰਡੀ ਪ੍ਰਚਾਰ ਕਰਕੇ ਇਨ੍ਹਾਂ ਸੰਸਥਾਵਾਂ ਦਾ ਅਕਸ ਧੁੰਦਲਾ ਕਰ ਦਿੱਤਾ ਹੈ ਤੇ ਹੁਣ ਅੰਤਰਰਾਸ਼ਟਰੀ ਪੱਧਰ ਤੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਕੋਈ ਸੰਸਥਾ ਮੌਜੂਦ ਹੀ ਨਹੀਂ ਰਹਿ । ਸੋ ਮੁੱਕਦੀ ਗੱਲ ਕਿ ਇਹਨਾਂ ਨਾਮ-ਨਿਹਾਦ ਖਾਲਿਸਤਾਨੀ ਜਥੇਬੰਦੀਆਂ ਨੇ ਨਫਰਤ ਵਿੱਚ ਅੰਨੇ ਹੋ ਕੇ ਸਿੱਖਾਂ ਦੇ ਹਿੱਤਾਂ ਨੂੰ ਤਾਰ ਤਾਰ ਕਰ ਦਿੱਤਾ ਹੈ ਤੇ ਸਿੱਖਾਂ ਨੂੰ ਸਾਰੀ ਦੁਨੀਆ ਵਿੱਚ ਨਫਰਤ ਦੇ ਪਾਤਰ ਬਣਾ ਦਿੱਤਾ ਹੈ।

ਅੱਜ ਵੀ ਦੁਨੀਆਂ ਭਰ ਦੇ ਪੰਜਾਬੀ ਭਾਈਚਾਰੇ ਨੂੰ ਇਹਨਾਂ ਕੋਝੀਆਂ ਚਾਲਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਖਾਲਿਸਤਾਨੀ ਜਥੇਬੰਦੀਆਂ ਅਤੇ ਇਹਨਾਂ ਦਾ ਸਹਿਯੋਗੀ ਮੀਡੀਆ ਸਿੱਖਾਂ ਦੇ ਲਈ ਨਹੀਂ ਬਲਕਿ ਆਪਣੇ ਨਿੱਜੀ ਹਿੱਤਾਂ ਅਤੇ ਹੋਰ ਜੀਓ ਪੋਲੀਟੀਕਲ ਤਾਕਤਾਂ ਦੇ ਇਸ਼ਾਰੇ 'ਤੇ ਕੰਮ ਕਰਦੇ ਹਨ। ਸਾਨੂੰ ਲੋੜ ਹੈ ਆਪਣੇ ਪੰਜਾਬ ਦਾ ਬਿਆਨੀਆ ਆਪਣੇ ਹੱਥ ਲੈਣ ਦੀ ਅਤੇ ਦੁਨੀਆ ਵਿੱਚ ਇਹ ਪ੍ਰਚਾਰਨ ਦੀ ਕਿ ਖਾਲਿਸਤਾਨੀ ਜਥੇਬੰਦੀਆਂ ਸਿੱਖਾਂ ਅਤੇ ਪੰਜਾਬੀਆਂ ਦੀ ਨੁਮਾਇੰਦਗੀ ਨਹੀਂ ਕਰਦੀਆਂ, ਪੰਜਾਬੀ ਲੋਕ ਦੁਨੀਆਂ ਵਿੱਚ ਅਗਾਂਹ ਵਧਣਾ ਚਾਹੁੰਦੇ ਹਨ ਅਤੇ ਪੰਜਾਬ ਨੂੰ ਦੇਸ਼ ਅਤੇ ਦੁਨੀਆਂ ਵਿੱਚ ਤਰੱਕੀ ਦੀ ਮਿਸਾਲ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਹਨ। ਇਹ ਟੀਚਾ ਉਦੋਂ ਤੱਕ ਪੂਰਾ ਨਹੀਂ ਹੋ ਸਕਦਾ ਜਦੋਂ ਤੱਕ ਪੰਜਾਬ ਦੁਨੀਆਂ ਦੇ ਨਾਲ ਸਹਿਯੋਗ ਨਹੀਂ ਕਰਦਾ ਅਤੇ ਅਦਬ ਨਾਲ ਕਦਮ ਮਿਲਾ ਕੇ ਨਹੀਂ ਚੱਲਦਾ। ਪੰਜਾਬ ਨੂੰ ਫਿਰਕਾਪ੍ਰਸਤ ਅਤੇ ਵਿਵਾਦਤ ਬਣਾ ਕੇ ਅਲੱਗ ਥਲੱਗ ਕਰਨ ਦੀਆਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਰਦਾਸ਼ਤ ਤੋਂ ਬਾਹਰ ਹਨ



Maninder Singh Gill
Managing Director,
'Radio India' Surrey (BC),
Canada

ਹਿੰਦੀ ਵਿਅੰਗ

# ਰੰਗੀਨ ਆਦਮੀਆਂ ਦੀ ਰੰਗ-ਬਿਰੰਗੀ ਦੁਨੀਆਂ

ਇਸ ਹੋਲੀ 'ਤੇ ਅਸੀਂ ਗੁਲਾਲ ਅਤੇ ਅਬੀਰ ਦੀ ਚਰਚਾ ਨੂੰ ਛੱਡਣ ਦਾ ਫੈਸਲਾ ਕੀਤਾ ਹੈ ਅਤੇ ਇਸ ਦੀ ਥਾਂ ਉਨ੍ਹਾਂ ਰੰਗਾਂ ਦਾ ਪੋਸਟਮਾਰਟਮ ਕਰਨ ਦਾ ਫੈਸਲਾ ਕੀਤਾ ਹੈ, ਜੋ ਸਾਡੀ ਮਨੁੱਖਤਾ ਨੂੰ ਸਾਲ ਭਰ ਰੰਗੀਨ ਰੱਖਦੇ ਹਨ। ਹਰ ਕੋਈ ਰੰਗੇ ਹੋਏ ਗਿੱਦੜ ਤੋਂ ਤਾਂ ਜਾਣੂ ਹੈ ਪਰ ਰੰਗੇ ਹੋਏ ਵਿਅਕਤੀ ਬਾਰੇ ਜਾਣਨਾ ਜ਼ਿੰਦਗੀ ਦੇ ਰੰਗ ਨੂੰ ਹੋਰ ਖੁਸ਼ੀ ਪ੍ਰਦਾਨ ਕਰੇਗਾ। ਕਿਉਂਕਿ ਸੱਚ ਪੁੱਛੋ ਤਾਂ ਹੋਲੀ ਦੇ ਰੰਗ ਦੋ ਦਿਨਾਂ ਵਿੱਚ ਉੱਤਰ ਜਾਂਦੇ ਹਨ, ਪਰ ਕੁਝ ਰੰਗ ਅਜਿਹੇ ਵੀ ਹਨ ਜੋ ਜਨਮ-ਕੁੰਡਲੀ ਨਾਲ ਸਥਾਈ ਤੌਰ 'ਤੇ ਚਿਪਕ ਜਾਂਦੇ ਹਨ।

ਸਭ ਤੋਂ ਪਹਿਲਾਂ ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ ਬਾਰੇ ਗੱਲ ਕਰਦੇ ਹਾਂ। ਉਨ੍ਹਾਂ 'ਤੇ "ਈਗੋ-ਗੁਲਾਲ" ਦੀ ਇੰਨੀ ਮੋਟੀ ਪਰਤ ਚੜ੍ਹੀ ਹੁੰਦੀ ਹੈ ਕਿ ਏਸ਼ੀਅਨ ਪੇਂਟਸ ਦੀ ਕਲਰ ਗਰੰਟੀ ਵੀ ਫੇਲ੍ਹ ਹੋ ਜਾਵੇ। ਉਨ੍ਹਾਂ ਦੇ ਚਿਹਰਿਆਂ 'ਤੇ "ਇੱਕ ਅਸੀਂ ਹੀ ਹਾਂ, ਦੂਜਾ ਕੋਈ ਨਹੀਂ" ਸਥਾਈ ਮਾਰਕਰ ਨਾਲ ਲਿਖਿਆ ਹੁੰਦਾ ਹੈ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਸਿਰਫ਼ ਉਹੀ ਹਨ ਜੋ ਦਫਤਰ ਵਿੱਚ ਕੰਮ ਕਰਦੇ ਹਨ ਤੇ ਬਾਕੀ ਸਾਰੇ ਤਾਂ ਸਿਰਫ਼ ਤਨਖਾਹ ਲੈਣ ਲਈ ਹਾਜ਼ਰੀ ਲਗਾ ਰਹੇ ਹਨ। ਰਾਸ਼ਟਰ ਨਿਰਮਾਣ ਦੀ ਤਸਵੀਰ ਵਿੱਚ ਵੀ ਬਾਕੀ ਸਿਰਫ਼ ਧੁੰਦਲੇ ਪਾਤਰ ਵਾਂਗ ਹੁੰਦੇ ਹਨ। ਬੌਸ ਦੀ ਹੋਲੀ ਸਾਲਾਨਾ ਨਹੀਂ, ਰੋਜ਼ਾਨਾ ਹੁੰਦੀ ਹੈ—ਉਸਦੀਆਂ ਝਿੜਕਾਂ ਅਤੇ ਗੁੱਸਾ ਕਰਮਚਾਰੀਆਂ ਲਈ ਸਾਲ ਭਰ ਗੁਲਾਲ ਦਾ ਕੰਮ ਕਰਦਾ ਹੈ।

ਸੋਸ਼ਲ ਮੀਡੀਆ ਦੇ ਇਨਫ਼ਲੂਐਂਸਰਜ਼ ਤੇ "ਵਾਇਰਲ ਵਾਰਨਿਸ਼" ਦਾ ਰੰਗ ਚੜ੍ਹਿਆ ਹੈ। ਉਹਨਾਂ ਨੂੰ ਕੋਈ ਪਰਵਾਹ ਨਹੀਂ ਹੈ ਕਿ ਸਮੱਗਰੀ ਚੰਗੀ ਹੈ ਜਾਂ ਅਸ਼ਲੀਲ; ਉਹ ਸਿਰਫ਼ ਚਾਹੁੰਦੇ ਹਨ ਕਿ ਲਾਈਕਸ, ਟਿੱਪਣੀਆਂ ਅਤੇ ਸਬਸਕ੍ਰਿਪਸ਼ਨ ਦੀ ਬਾਰਿਸ਼ ਹੁੰਦੀ ਰਹੇ। ਉਹਨਾਂ ਲਈ ਹਰ ਦਿਨ ਹੋਲੀ ਹੈ ਕਦੇ ਇੱਕ ਟ੍ਰੈਂਡਿੰਗ ਰੀਲ, ਕਦੇ ਇੱਕ ਵਿਵਾਦ, ਕਦੇ ਇੱਕ ਡਾਂਸ, ਕਦੇ ਇੱਕ ਨਾਅਰੇਬਾਜ਼ੀ। ਉਹ ਰੰਗਾਂ ਨਾਲ ਨਹੀਂ ਖੇਡਦੇ, ਉਹ ਐਲਗੋਰਿਦਮ ਨਾਲ ਖੇਡਦੇ ਹਨ।

ਮੋਬਾਈਲ ਮਹਿੰਦੀ ਨੇ ਨੌਜਵਾਨਾਂ ਦੇ ਮਨਾਂ 'ਤੇ ਕਬਜ਼ਾ ਕਰ ਰੱਖਿਆ ਹੈ। ਰੀਲਾਂ ਬਣਾਉਣਾ, ਰੀਲਾਂ ਦੇਖਣਾ ਅਤੇ ਦੇਰ ਰਾਤ ਤੱਕ ਆਨਲਾਈਨ ਰਹਿਣਾ ਇਹ ਇੱਕ ਅਜਿਹਾ ਰੰਗ ਹੈ ਜੋ ਕਦੇ ਵੀ "ਸਰਫ ਐਕਸਿਲ" ਤੋਂ ਨਹੀਂ ਉਤਰਦਾ। ਭਾਵੇਂ ਉਹਨਾਂ ਦੇ ਚਿਹਰੇ ਨੀਂਦ ਕਾਲਖ ਹੋਵੇ ਜਾਂ ਭਵਿੱਖ ਦੀ ਚਿੰਤਾ ਦਾ ਧੱਬਾ, ਸਕਰੀਨ ਦੀ ਚਮਕ ਉਹਨਾਂ ਲਈ ਸੱਤ ਰੰਗਾਂ ਨਾਲੋਂ ਵੀ ਵੱਧ ਆਕਰਸ਼ਕ ਹੁੰਦੀ ਹੈ। ਹੋਲੀ 'ਤੇ ਵੀ ਉਹ ਪਹਿਲਾਂ ਸੈਲਫੀ ਲੈਂਦੇ ਹਨ, ਫਿਰ ਗੁਲਾਲ ਲਗਾਉਂਦੇ ਹਨ।

ਸਾਹਿਤਕਾਰਾਂ ਦੀ ਹੋਲੀ ਕੁਝ ਅਲੱਗ ਹੀ ਕਿਸਮ ਦੀ ਹੁੰਦੀ ਹੈ। ਉਨ੍ਹਾਂ ਤੇ "ਛਪਵਾਉਣ" ਅਤੇ "ਦਿਖਾਉਣ" ਦਾ ਰੰਗ ਚੜ੍ਹਿਆ ਹੁੰਦਾ ਹੈ। ਏਧਰ ਰਚਨਾ ਲਿਖੀ ਜਾਂਦੀ ਹੈ, ਉਹ ਇਸਨੂੰ ਪ੍ਰਕਾਸ਼ਿਤ ਕਰਨ ਲਈ ਕਾਹਲੇ ਪੈ ਜਾਂਦੇ ਹਨ ਅਤੇ ਜਿਵੇਂ ਹੀ ਇਹ ਪ੍ਰਕਾਸ਼ਿਤ ਹੁੰਦੀ ਹੈ, ਉਹ ਇਸਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਨ ਲਈ ਉਤਸੁਕ ਹੁੰਦੇ ਹਨ। ਲਾਈਕਸ ਅਤੇ ਕਮੈਂਟਸ ਦੀ ਬੁਛਾੜ ਵਿੱਚ ਹੀ ਉਹ ਸਾਹਿਤਕ ਇਸ਼ਨਾਨ ਕਰ ਲੈਂਦੇ ਹਨ। ਆਲੋਚਨਾ ਦਾ ਰੰਗ ਉਨ੍ਹਾਂ 'ਤੇ ਉਵੇਂ ਹੀ ਚੜ੍ਹਦਾ ਹੈ, ਜਿਵੇਂ ਸਫ਼ੈਦ ਕੁੜਤੇ 'ਤੇ ਹਲਦੀ ਦਿੱਸਦਾ ਜ਼ਿਆਦਾ ਹੈ ਪਰ ਟਿਕਦਾ ਘੱਟ।

ਭ੍ਰਿਸ਼ਟ ਰਾਜਨੀਤੀ ਦੇ ਰੰਗਾਂ ਵਿੱਚ ਰੰਗੇ ਹੋਏ ਸਿਆਸਤਦਾਨਾਂ ਦੇ ਜੀਵਨ ਵਿੱਚ ਹੋਲੀ ਦਾ ਰੰਗ ਮਾਮੂਲੀ ਹੁੰਦਾ ਹੈ, ਕਿਉਂਕਿ ਉਹ ਸਾਲ ਭਰ "ਅਪਰਾਧ ਅਤੇ ਭ੍ਰਿਸ਼ਟਾਚਾਰ" ਦੇ ਪੱਕੇ ਰੰਗਾਂ ਵਿੱਚ ਰੰਗੇ ਰਹਿੰਦੇ ਹਨ। ਜਿਵੇਂ ਹੀ ਚੋਣਾਂ ਦਾ ਮੌਸਮ ਆਉਂਦਾ ਹੈ, ਨੇਤਾ ਚਮਕਦਾਰ ਚਿੱਟਾ ਕੁੜਤਾ-ਪਜਾਮਾ ਪਹਿਨ ਕੇ ਨਿਕਲ ਤੁਰਦੇ ਹਨ। ਉਹ ਜਨਤਾ ਤੇ ਵਿਕਾਸ ਦਾ ਹਵਾਈ ਗੁਲਾਲ ਉਡਾਉਂਦੇ ਹਨ ਅਤੇ ਆਪਣੇ ਸਮਰਥਕਾਂ 'ਤੇ ਜਾਤੀ-ਖੇਤਰ ਦਾ ਅਬੀਰ ਮਲ਼ਦੇ ਹਨ।

ਸਮਰਥਕ ਵੀ ਜਾਤੀ ਦੇ ਰੰਗ ਵਿੱਚ ਰੰਗੇ ਹੁੰਦੇ ਹਨ। ਜਾਤੀ ਦਾ ਰੰਗ ਇੰਨਾ ਗਾੜ੍ਹਾ ਹੈ ਕਿ ਉਹ ਆਪਣੇ ਬੱਚਿਆਂ ਦਾ ਵਿਆਹ ਅੰਤਰ-ਜਾਤੀ ਕਰ ਦੇਣਗੇ, ਪਰ ਵੋਟ ਖਾਸ ਜਾਤੀ ਨੂੰ ਹੀ ਪਾਉਣਗੇ। ਇਹ ਰੰਗ ਇੰਨਾ ਪੱਕਾ ਹੈ ਕਿ ਡਰਾਈ-ਕਲੀਨਰ ਵੀ ਹੱਥ ਜੋੜ ਲਵੇ।

ਅਮੀਰ ਵਰਗ "ਵਿਖਾਵੇ" ਦੇ ਰੰਗ ਵਿੱਚ ਡੁੱਬਿਆ ਹੋਇਆ ਹੈ  ਹੋਲੀ ਉਨ੍ਹਾਂ ਲਈ ਇੱਕ ਫੋਟੋ-ਸੈਸ਼ਨ ਹੈ। ਗਰੀਬ ਵਰਗ "ਵੇਖਣ" ਦੇ ਰੰਗ ਵਿੱਚ ਰੰਗਿਆ ਹੋਇਆ ਹੈ - ਉਹ ਦੂਜਿਆਂ ਦੀ ਹੋਲੀ ਵੇਖਦਾ ਹੈ ਅਤੇ ਆਪਣੀਆਂ ਜ਼ਰੂਰਤਾਂ ਦਾ ਹਿਸਾਬ ਲਗਾਉਂਦਾ ਹੈ।

ਅਤੇ ਅੰਤ ਵਿੱਚ ਆਮ ਜਨਤਾ ਬਾਰੇ ਗੱਲ ਕਰਦੇ ਹਾਂ। ਜਨਤਾ, ਜੋ ਮਾਸੂਮ ਹੋਣ ਦਾ ਦਿਖਾਵਾ ਕਰਦੀ ਹੈ, ਸਾਲ ਭਰ "ਮਾਸੂਮੀਅਤ" ਦੇ ਰੰਗ ਵਿੱਚ ਰੰਗੀ ਰਹਿੰਦੀ ਹੈ। ਉਹ ਮੁਫਤ ਬਿਜਲੀ, ਮੁਫਤ ਪਾਣੀ ਅਤੇ ਮੁਫਤ ਯੋਜਨਾਵਾਂ ਦੀ ਉਮੀਦ ਵਿੱਚ ਸਰਕਾਰ ਬਣਾਉਂਦੀ ਹੈ। ਫਿਰ ਅਗਲੇ ਪੰਜ ਸਾਲਾਂ ਲਈ ਉਹ ਉਸੇ ਸਰਕਾਰ 'ਤੇ ਗਾਲ੍ਹਾਂ ਦੀ ਪਿਚਕਾਰੀ ਚਲਾਉਂਦੀ ਰਹਿੰਦੀ ਹੈ। ਖ਼ੈਰ ਸ਼ਾਮ ਤੱਕ ਹੋਲੀ ਦੇ ਰੰਗ ਤਾਂ ਫਿੱਕੇ ਪੈ ਜਾਂਦੇ ਹਨ, ਪਰ ਹੰਕਾਰ, ਦਿਖਾਵਾ, ਜਾਤੀਵਾਦ, ਲਾਲਚ ਅਤੇ ਮਾਸੂਮੀਅਤ ਦੇ ਰੰਗ ਸਾਲਾਂ ਤੱਕ ਚਿਪਕੇ ਰਹਿੰਦੇ ਹਨ।

***

ਮੂਲ: ਵਿਨੋਦ ਕੁਮਾਰ ਵਿੱਕੀ
ਖਗੜੀਆ (ਬਿਹਾਰ)
(7765954969)



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 149**

ਸਲੋਕੁ ਮ:੧ ॥

ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥ ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥ {ਪੰਨਾ 149}

ਭਾਵ ਅਰਥ:-

ਪਾਪ ਕਾਰਨ ਹੀ ਜੀਵ ਪੈਦਾ ਹੁੰਦੇ ਹਨ, ਜਿੰਦਗੀ ਜਿਉਂਦੇ ਹਨ ਅਤੇ ਮੁੜ ਉਹਨਾਂ ਪਾਪਾਂ ਨੂੰ ਹੀ ਆਪਣੇ ਉੱਪਰ ਲੱਦਕੇ ਮਰ ਜਾਂਦੇ ਹਨ। ਜੇ ਪਰਮਾਤਮਾ, ਅਕਾਲ ਪੁਰਖ ,ਦਾਤਾ ,ਚਾਹੇ ਤਾਂ ਇਹਨਾਂ ਪਾਪਾਂ ਨੂੰ ਧੋ ਸਕਦਾ ਹੈ। ਸਾਡੇ ਆਪਣੇ ਦੁਆਰਾ ਮਲ ਮਲ ਧੋਤਿਆਂ ਵੀ ਇਹ ਵਿਕਾਰ ਨਹੀਂ ਉੱਤਰ ਸਕਦੇ। ਹੇ ਨਾਨਕ! ਉਸ ਦੀ ਬਖਸ਼ਿਸ਼ ਹੀ ਇਹਨਾਂ ਤੋਂ ਛਡਾ ਸਕਦੀ ਹੈ ,ਨਹੀਂ ਤਾਂ ਜੁੱਤੀਆਂ ਹੀ ਪੈਂਦੀਆਂ ਹਨ।

ਮ:੧ ॥

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥ {ਪੰਨਾ 149}

ਭਾਵ ਅਰਥ:-

ਉਸ ਪ੍ਰਭੂ ਪਰਮਾਤਮਾ ਤੋਂ ਦੁੱਖ ਨੂੰ ਛੱਡ ਕੇ ਸੁਖ ਮੰਗਣ ਦਾ ਮਤਲਬ ਹੈ ,ਝੱਖ ਮਾਰਨਾ। ਇਹ ਦੁੱਖ ਤੇ ਸੁੱਖ ਦੋਨੇ ਹੀ ਪ੍ਰਭੂ ਦੇ ਦਰ ਤੋਂ ਮਿਲੇ ਹੋਏ ਕੱਪੜੇ ਹਨ। ਜਿਨਾਂ ਨੂੰ ਜੀਵ ਆਪਣੇ ਜੀਵਨ ਵਿੱਚ ਸੰਸਾਰਿਕ ਯਾਤਰਾ ਦੌਰਾਨ ਪਹਿਨਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਫਰਮਾਉਂਦੇ ਹਨ ,ਜਿਸ ਜਗ੍ਹਾ ਤੇ ਬੋਲ ਕੇ ਹਾਰਣ ਦਾ ਹੀ ਸਾਹਮਣਾ ਕਰਨਾ ਪੈਣਾ ਹੈ ਉਥੇ ਚੁੱਪ ਰਹਿਣ ਵਿੱਚ ਹੀ ਭਲਾਈ ਹੈ।

ਪਉੜੀ ॥ ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥ ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥ {ਪੰਨਾ 149}

ਭਾਵ ਅਰਥ:-

ਮੈਂ ਚਾਰੇ ਪਾਸੇ ਝੱਖ ਮਾਰ ਕੇ ਹੰਭ ਗਿਆ ਹਾਂ ਤੇ ਹੁਣ ਅਕਲ ਆਈ ਹੈ ਕਿ ਉਹ ਪ੍ਰਭੂ ਪਰਮਾਤਮਾ ਤਾਂ ਅੰਦਰ ਹੀ ਵਸਿਆ ਹੋਇਆ ਹੈ। ਉਸ ਸਦਾ ਥਿਰ ਪ੍ਰਭੂ ਨੇ ਜੀਵਾਂ ਦੀ ਸਿਰਜਣਾ ਕੀਤੀ ਹੈ, ਭਾਵੇਂ ਉਹ ਦਿਖਾਈ ਨਹੀਂ ਦਿੰਦਾ ਪਰ ਸਾਨੂੰ ਹਰ ਵਸਤੂ ਨਾਲ ਪੂਰੀ ਤਰ੍ਹਾਂ ਰਜਾਇਆ ਹੋਇਆ ਹੈ। ਕੁਰਾਹੇ ਪਿਆਂ ਨੂੰ ਵੀ ਉਸੇ ਨੇ ਹੀ (ਨਾਮ ਦੇ ਰਸਤੇ) ਪਾਇਆ ਹੈ। ਹੇ ਸੱਚੇ ਗੁਰੂ! ਤੇਰੇ ਤੋਂ ਵਾਰੀ ਜਾਂਦਾ ਹਾਂ, ਜਿਹਨੇ ਉਸ ਸਦਾ ਥਿਰ ਪਰਮਾਤਮਾ ਦੇ ਲੜ ਲਾਇਆ। ਤੂੰ ਹੀ ਮੇਰੇ ਮਨ ਅੰਦਰ ਚਾਨਣਾ ਬਖਸ਼ਿਆ ਹੈ ਤੇ ਉਸ ਰਤਨ ਰੂਪੀ ਦਾਤੇ ਦੇ ਚਰਨ ਕਮਲਾਂ ਦੇ ਦਰਸ਼ਨ ਕਰਾ ਕੇ ਉਹਨਾਂ ਨਾਲ ਜੋੜਿਆ ਹੈ। ਉਸ ਅਕਾਲ ਪੁਰਖ ਦੀ ਸਿਫਤ ਸਲਾਹ ਨਾਲ ਸੁਖ ਹਾਸਲ ਹੁੰਦਾ ਹੈ ਅਤੇ ਉਹ ਹਮੇਸ਼ਾ ਲਈ ਆਪਣਾ ਸਹਾਰਾ ਦਿੰਦਾ ਹੈ। ਬੇਡਰ ਅਤੇ ਆਸਥਾ ਹੀਨ ਮਨੁੱਖਾਂ ਦਾ ਹਸ਼ਰ ਇਸ ਤਰਾਂ ਹੁੰਦਾ ਹੈ ਕਿ ਉਹ ਅੰਤ ਨੂੰ ਗਲ ਸੜ ਜਾਂਦੇ ਹਨ। ਸੋ ਤਤ ਇਹ ਹੈ ਕਿ ਪ੍ਰਭੂ ਨਾਮ ਤੋਂ ਬਿਨਾਂ ਜਗ ਇਦਾਂ ਭੁੱਲਿਆ ਫਿਰਦਾ ਹੈ ਜਿਸ ਤਰਾਂ ਉਸਦਾ ਕੋਈ ਵਾਲੀ ਵਾਰਿਸ ਹੀ ਨਾ ਹੋਵੇ।

ਸਲੋਕੁ ਮ:੩ ॥

ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥ ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥੧॥ {ਪੰਨਾ 149}

ਭਾਵ ਅਰਥ:-

ਜਿਹੜਾ ਮਨੁੱਖ/ਜੀਵ ਉਸ ਅਕਾਲ ਪੁਰਖ ਦੇ ਭੈ ਭਾਵ ਅਦਬ ਸਤਿਕਾਰ ਦੇ ਅੰਦਰ ਰਹਿ ਕੇ ਜੰਮਦਾ, ਜੀਵਨ ਜਾਪਣ ਕਰਦਾ ਤੇ ਮੁੜ ਉਸੇ ਤਰਾਂ ਹੀ ਚਲਾ ਜਾਂਦਾ ਹੈ ਇਸ ਦਾ ਮਤਲਬ ਹੈ ਕਿ ਉਸਦਾ ਜੀਵਨ ਸਫਲ ਹੋ ਗਿਆ।( ਦੂਸਰੇ ਰੁੱਖ ਕਹੀਏ ਤਾਂ ਅਜਿਹਾ ਜੀਵ ਮਨੁੱਖ ਪ੍ਰਭੂ ਪਰਮਾਤਮਾ ਦਾ ਜੀਵਨ ਭਰ ਨਾਮ ਜਪਦਾ ਹੈ ਤਾਂ ਹੀ ਉਸ ਦੇ ਜੀਵਨ ਨੂੰ ਸਫਲ ਕਿਹਾ ਜਾਂਦਾ ਹੈ)

ਮ:੩ ॥

ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥ ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥੨॥ {ਪੰਨਾ 149}

ਇਸ ਤੋਂ ਉਲਟ ਜਿਹੜਾ ਮਨੁੱਖ ਪਰਮਾਤਮਾ ਤੋਂ ਨਿਰਭੈ ਨਿਡਰ ਉਸ ਦੇ ਅਦਬ ਸਤਿਕਾਰ ਰਹਿਤ ਹੋ ਕੇ ਜੰਮਦਾ, ਜਿਉਂਦਾ ਤੇ ਫਿਰ ਇਦਾਂ ਹੀ ਮਰ ਜਾਂਦਾ, ਇਸ ਨੂੰ ਉਸਦੇ ਜੀਵਨ ਦਾ ਮੂੰਹ ਕਾਲਾ ਹੋ ਕੇ ਇਥੋਂ ਜਾਣ ਨੂੰ ਕਿਹਾ ਜਾਂਦਾ ਹੈ।

ਪਉੜੀ ॥ ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥ ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥ ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥ {ਪੰਨਾ 149}

ਭਾਵ ਅਰਥ:-

ਹੇ ਪ੍ਰਾਣੀ! ਜੇ ਤੇਰੇ ਹਿਰਦੇ ਵਿੱਚ ਸਤ ਕਰਤਾਰ, ਗੋਬਿੰਦ ਪ੍ਰਭੂ ਲਈ ਸੰਪੂਰਨ ਤੌਰ ਤੇ ਸ਼ਰਧਾ ਹੈ, ਪਿਆਰ ਹੈ ,ਪਵਿੱਤਰਤਾ ਹੈ ਤਾਂ ਉਹ ਦਾਤਾ ਤੇਰੇ ਤੇ ਆਪਣੇ ਆਪ ਮਿਹਰਬਾਨ ਹੋ ਜਾਏਗਾ ਤੇ ਜਦੋਂ ਉਹ ਦਿਆਲ ਹੋ ਗਿਆ ਤਾਂ ਫਿਰ ਤੈਨੂੰ ਪਛਤਾਉਣ ਦੀ ਕਦੇ ਲੋੜ ਨਹੀਂ ਪੈਣੀ। ਜੇ ਉਹ ਦਿਆਲ ਹੋ ਗਿਆ ਤਾਂ ਤੈਨੂੰ ਕਦੇ ਦੁੱਖ ਦਾ ਸਾਹਮਣਾ ਨਹੀਂ ਕਰਨਾ ਪੈਣਾ, ਇਸੇ ਤਰ੍ਹਾਂ ਉਸ ਦੀ ਦਿਆਲਤਾ ਦੇ ਕਾਰਨ ਤੂੰ ਜੀਵਨ ਦੇ ਸਾਰੇ ਰੰਗ ਮਾਣੇਂਗਾ, ਇਸ ਦੇ ਨਾਲ ਨਾਲ ਤੈਨੂੰ ਜਮਾਂ ਦਾ ਵੀ ਕੋਈ ਡਰ ਨਹੀਂ ਰਹਿਣਾ, ਉਸ ਦੀ ਕਿਰਪਾ ਹੋ ਗਈ ਤਾਂ ਸਦਾ ਹੀ ਤੂੰ ਸੁਖੀ ਰਹੇਂਗਾ, ਉਸ ਦੀ ਕਿਰਪਾ ਨਾਲ ਨੌਂ ਨਿਧੀਆਂ ਦੀ ਵੀ ਪ੍ਰਾਪਤੀ ਹੋਵੇਗੀ । ਇਸ ਤੋਂ ਵੀ ਅੱਗੇ ਜਦੋਂ ਤੂੰ ਉਸ ਅਕਥ, ਅਲੱਖ ਦਾਤੇ ਦੀ ਸੰਪੂਰਨ ਸ਼ਰਧਾ ਰੱਖੇਂਗਾ ਤਾਂ ਇੱਕ ਦਿਨ ਤੂੰ ਉਹਦੇ ਚਰਨ ਕਮਲਾਂ ਵਿੱਚ ਥਾਂ ਪਾ ਲਏਂਗਾ ,ਭਾਵ ਉਹ ਤੈਨੂੰ ਬ੍ਰਹਮ ਗਿਆਨੀ ਦੇ ਤੌਰ ਤੇ ਆਪਣੇ ਆਪ ਵਿੱਚ ਸਮਾ ਲਏਗਾ।

ਸਲੋਕੁ ਮ:੧ ॥

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥ ਮ:੨ ॥ {ਪੰਨਾ 149-150}

ਭਾਵ ਅਰਥ:-

ਇਸ ਪਾਵਨ ਸ਼ਬਦ ਵਿੱਚ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਮਹਾਰਾਜ, ਜੈਨ ਧਰਮ ਬਾਰੇ ਕਹਿੰਦੇ ਹਨ, ਕਿ ਉਹ ਆਪਣੇ ਵਾਲ ਬੇਦਰਦੀ ਨਾਲ ਪੁੱਟਦੇ ਹਨ ,ਗੰਦਾ ਪਾਣੀ ਪੀਂਦੇ ਹਨ, ਜੂਠ ਮੰਗ ਖਾਂਦੇ ਹਨ। ਉਹ ਆਪਣਾ ਮੱਲ ਫੋਲ ਕੇ ਉਹਦੇ ਵਿੱਚੋਂ ਭੜਾਸ ਲੈਂਦੇ ਹਨ ਤੇ ਪਾਣੀ ਨੂੰ ਦੇਖ ਸ਼ਰਮਾਉਂਦੇ ਹਨ। ( ਭਾਵ ਗੰਦਗੀ ਵਿੱਚ ਰਹਿੰਦੇ ਹਨ) ਆਪਣੇ ਹੱਥਾਂ ਵਿੱਚ ਸੁਆਹ ਭਰ ਕੇ ਭੇਡਾਂ ਦੇ ਵਾਲਾਂ ਦੀ ਤਰ੍ਹਾਂ ਆਪਣੇ ਵਾਲ ਨੋਚਦੇ ਹਨ। ਮਾਤਾ ਪਿਤਾ ਦੀ ਤਰ੍ਹਾਂ, ਜਿਸ ਤਰ੍ਹਾਂ ਉਨ੍ਹਾਂ ਕਿਰਤ ਕਮਾਈ ਕਰਕੇ ਇਹਨਾਂ ਨੂੰ ਪਾਲਿਆ ਸੀ ਇਹ ਉਸ ਰਵਾਇਤ ਨੂੰ ਛੱਡ ਦਿੰਦੇ ਹਨ ਅਤੇ ਇਹਨਾਂ ਦੇ ਆਪਣੇ ਬੱਚੇ ਵੀ( ਇਹਨਾਂ ਦੀਆਂ ਹਰਕਤਾਂ ਦੇਖ ਕੇ) ਰੋਂਦੇ ਹਨ। ਮਰਨ ਤੋਂ ਬਾਅਦ ਉਹਨਾਂ ਨੂੰ ਕੋਈ ਦੀਵਾ ਬੱਤੀ ਨਹੀਂ ਦਿਖਾਈ ਜਾਂਦੀ ਅਤੇ ਨਾ ਹੀ ਸ਼ਰਾਧ ਇਤਿਆਦਿਕ ਕੀਤੇ ਜਾਂਦੇ ਹਨ (ਭਾਵ ਨਾ ਲੋਕ ਵਿੱਚ ਚੰਗੇ ਕੰਮ ਕੀਤੇ ਹੁੰਦੇ ਹਨ ਤੇ ਨਾ ਹੀ ਪਰਲੋਕ ਵਿੱਚ ਢੋਈ ਮਿਲਦੀ ਹੈ)। ਬ੍ਰਾਹਮਣ ਇਹਨਾਂ ਤੋਂ ਲੈ ਕੇ ਭੋਜਨ ਨਹੀਂ ਖਾਂਦੇ। ਇਹ ਲੋਕ ਦਿਨ ਰਾਤ ਗੰਦੇ ਰਹਿੰਦੇ ਹਨ, ਦਿਖਾਵੇ ਵਾਸਤੇ ਸਫਾਈ ਕਰਦੇ ਹਨ ਮੱਥੇ ਟਿੱਕੇ ਆਦਿ ਵੀ ਨਹੀਂ ਲਗਾਉਂਦੇ ।(ਭਾਵ ਇਸ਼ਨਾਨ ਨਹੀਂ ਕਰਦੇ)। ਇਹ ਝੁੰਡ ਜਿਹਾ ਬਣਾ ਕੇ ਬੈਠੇ ਰਹਿੰਦੇ ਹਨ ਜਿਵੇਂ ਕਿਸੇ ਮਰਗਦ ਤੇ ਆਏ ਹੋਣ। ਇਹਨਾਂ ਦੇ ਵਿੱਚ ਕੋਈ ਹੁਲਾਰਾ ਨਹੀਂ ਹੁੰਦਾ, ਤਾਂਗ ਅਤੇ ਸਕਾਰਾਤਮਿਕਤਾ ਨਹੀਂ ਹੁੰਦੀ । ਇਹ ਇੱਕ ਕਤਾਰ ਵਿੱਚ ਤੁਰਦੇ ਹਨ, ਸਭ ਤੋਂ ਅੱਗੇ ਚੱਲਣ ਵਾਲਾ ਇਕ ਚੌਰੀ ਲੈ ਕੇ ਚਲਦਾ ਹੈ ਜਿਸ ਨਾਲ ਉਹ ਜਮੀਨ ਤੇ ਝਾੜੂ ਵਾਂਗ ਸਫਾਈ ਕਰਦਾ ਜਾਂਦਾ ਹੈ ਤਾਂ ਕਿ ਕੋਈ ਜੀਵ ਜੰਤੂ ਪੈਰ ਥੱਲੇ ਆ ਕੇ ਨਾ ਮਰ ਜਾਵੇ। ਇਹਨਾਂ ਦਾ ਕਿਸੇ ਹੋਰ ਧਰਮ ਨਾਲ ਕੋਈ ਸਬੰਧ ਨਹੀਂ ਹੁੰਦਾ । ਨਾ ਇਹ ਬ੍ਰਾਹਮਣ ਧਰਮ, ਨਾ ਮੌਲਵੀਆਂ ਨਾਲ ਕੋਈ ਮੇਲ ਖਾਂਦਾ, ਨਾ ਹੀ ਪ੍ਰਭੂ ਨੂੰ ਪਾਉਣ ਵਾਲੀ ਕੋਈ ਤਰਕੀਬ ਮਨ ਵਿੱਚ ਹੁੰਦੀ ਹੈ, ਬਸ ਇਹ ਭਟਕਦਿਆਂ ਹੀ ਜੀਵਨ ਗੁਜ਼ਾਰ ਦਿੰਦੇ ਹਨ ਅਤੇ ਪ੍ਰਭੂ ਪਰਮਾਤਮਾ ਤੋਂ ਖੁੰਝੇ ਹੀ ਰਹਿ ਜਾਂਦੇ ਹਨ ।ਇਹਨਾਂ ਦਾ ਸਾਰਾ ਆਵਾ ਹੀ ਊਤਿਆ ਹੈ।(ਇਹ ਨਹੀਂ ਸਮਝਦੇ ਕਿ) ਜੀਵਾਂ ਨੂੰ ਮਾਰਨ ਤੇ ਜੀਵਾਲਣ ਵਾਲਾ ਉਹ ਪ੍ਰਭੂ ਪਰਮਾਤਮਾ ਆਪ ਹੈ। ਉਹਨਾਂ ਜੀਵਾਂ ਨੂੰ ਬਚਾਉਂਦੇ ਬਚਾਉਂਦੇ ਇਹ ਆਪ ਗੰਦੇ ਰਹਿੰਦੇ ਹਨ, ਗੰਦਾ ਪਾਣੀ ਪੀਂਦੇ ਹਨ, ਨਹਾਉਂਦੇ ਨਹੀਂ ,ਸਿਰ ਵਿੱਚ ਖੇ ਪਾਈ ਰੱਖਦੇ ਹਨ। ਜਦੋਂ ਕਿ ਪੁਰਾਣਿਆਂ ਸਮਿਆਂ ਤੋਂ ਹੀ ਹਰ ਕੋਈ ਜਾਣਦਾ ਹੈ ਕਿ ਸੁਮੇਰ ਪਰਬਤ ਨਾਲ ਸਮੁੰਦਰ ਮੰਥਨ ਹੋਇਆ ਸੀ ਤਾਂ ਉਹਦੇ ਵਿੱਚੋਂ ਰਤਨ ਨਿਕਲੇ ਸਨ। ਉਨਾਂ ਰਤਨਾਂ ਨੂੰ ਵਰਤਿਆ ਜਾਂਦਾ ਹੈ ਅਤੇ ਉਨਾਂ ਨੂੰ ਲੈਣ ਵਾਸਤੇ ਪਾਣੀ ਦੇ ਵਿੱਚ ਹੀ ਵੜਿਆ ਜਾਂਦਾ ਹੈ। ਪਾਣੀ ਨਾਲ ਸਬੰਧਤ 18 ਤੀਰਥ ਦੇਵੀ ਦੇਵਤਿਆਂ ਵਾਸਤੇ ਬਣਾਏ ਗਏ ਹਨ ਜਿਥੇ ਪੁਰਬ ਲੱਗਦੇ ਹਨ। ਨਮਾਜ, ਪਾਠ ਤੇ ਹੋਰ ਸਾਰੇ ਹਿੰਦੂ ਅਤੇ ਬਾਕੀ ਧਰਮਾਂ ਦੇ ਪੂਜਾ ਪਾਠ ਵਾਸਤੇ ਇਸ਼ਨਾਨ ਪਹਿਲਾਂ ਜਰੂਰੀ ਹੈ । ਇਸ ਦੇ ਨਾਲ ਨਾਲ ਚੰਗਾ ਇਨਸਾਨ ਹਰ ਰੋਜ਼ ਆਪਣੇ ਪਿੰਡੇ ਨੂੰ ਧੋਂਦਾ ਹੈ। ਇਹ ਸ਼ੈਤਾਨ ਪੁੱਠੇ ਰਸਤੇ ਪਏ ਹਨ ਅਤੇ ਇਹਨਾਂ ਨੂੰ ਇਸ਼ਨਾਨ ਵਾਲੀ ਗੱਲ ਚੰਗੀ ਨਹੀਂ ਲੱਗਦੀ। ਪਾਣੀ ਦੀਆਂ ਹੋਰ ਬਹੁਤ ਸਾਰੀਆਂ ਬਰਕਤਾਂ ਹਨ ਜਿਵੇਂ ਕਿ ਮੀਂਹ ਪੈਣ ਨਾਲ ਜੀਵ ਜੰਤੂ ਅਤੇ ਬਨਸਪਤੀ ਪੈਦਾ ਹੁੰਦੇ ਹਨ ,ਦੂਜੇ ਪਾਸੇ ਹਰ ਤਰ੍ਹਾਂ ਦਾ ਜੀਵਨ ਪਾਣੀ ਉੱਤੇ ਹੀ ਆਧਾਰਿਤ ਹੈ। ਮੀਂਹ ਪੈਣ ਨਾਲ ਹੀ ਕਮਾਦ ਕਪਾਹ ਅਤੇ ਹੋਰ ਕਈ ਤਰ੍ਹਾਂ ਦੇ ਅੰਨ ਉੱਗਦੇ ਹਨ। ਕਪਾਹ ਦੁਆਰਾ ਤਨ ਢੱਕਣ ਲਈ ਕੱਪੜਾ ਬਣਦਾ ਹੈ। ਮੀਂਹ ਪੈਣ ਨਾਲ ਘਾ ਉਗਦਾ ਹੈ, ਗਊਆਂ ਚਰਦੀਆਂ ਤੇ ਫਿਰ ਦੁੱਧ ਦਿੰਦੀਆਂ ਹਨ, ਜਿਸ ਤੋਂ ਔਰਤਾਂ ਦਹੀਂ ਜਮਾ ਕੇ ਰਿੜਕਣੇ ਤੋਂ ਬਾਅਦ ਮੱਖਣ ਅਤੇ ਘਿਓ ਕੱਢਦੀਆਂ ਹਨ। ਜਿਸ ਨਾਲ ਹਰ ਤਰ੍ਹਾਂ ਦੀ ਪੂਜਾ ਤੇ ਸਮੱਗਰੀ ਤਿਆਰ ਕੀਤੀ ਜਾਂਦੀ ਹੈ। ਇਹ ਘਿਓ ਪਿਆਂ ਹੀ ਹਰ ਕਾਰਜ ਸੌਂਦਾ ਹੈ।

(ਇੱਕ ਹੋਰ ਵੀ ਇਸ਼ਨਾਨ ਹੈ) ਸਤਿਗੁਰ ,ਸਮਝੋ ਸਮੁੰਦਰ ਹੈ ਤੇ ਉਸ ਦੀ ਸਿੱਖਿਆ ਸਾਰੀਆਂ ਨਦੀਆਂ ਤੇ ਇਹਨਾਂ ਨਦੀਆਂ ਵਿੱਚ ਨਹਾਉਣ ਨਾਲ, ਭਾਵ ਸੁਰਤ ਜੋੜਨ ਨਾਲ ਵਡਿਆਈ ਮਿਲਦੀ ਹੈ। ਹੇ ਨਾਨਕ! ਜੇ ਇਹ ਸਿਰ ਖੁਥੇ ,ਇਹ ਨਾਮ ਜਲ ਵਿੱਚ ਇਸ਼ਨਾਨ ਨਹੀਂ ਕਰਦੇ ਤਾਂ ਨਿਰੀ ਮੂੰਹ ਉੱਤੇ ਕਾਲਖ ਹੀ ਖਟਦੇ ਹਨ।

**ਅੰਗ 150**

ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥ ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥ ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥ {ਪੰਨਾ 150}

ਪਉੜੀ ॥ ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥ ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥ ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥ {ਪੰਨਾ 150}

ਭਾਵ ਅਰਥ:-

ਅੱਗ ਨਾਲ ਠੰਡ ਨਹੀਂ ਉੱਡ ਸਕਦੀ ,ਸੂਰਜ ਦਾ ਰਾਤ ਉੱਤੇ ਕੋਈ ਜੋਰ ਨਹੀਂ, ਚੰਦਰਮਾ ਹਨੇਰੇ ਨੂੰ ਨਹੀਂ ਹਟਾ ਸਕਦਾ, ਕੋਈ ਵੀ ਜਾਤ ਪਾਤ ਹਵਾ, ਪਾਣੀ ਵਿੱਚ ਬਦਲਾਅ ਨਹੀਂ ਲਿਆ ਸਕਦੀ। ਧਰਤੀ ਚੀਜ਼ਾਂ ਦਾ ਕੁਝ ਨਹੀਂ ਵਿਗਾੜ ਸਕਦੀ, ਜਿਹਦੇ ਅੰਦਰ ਸਭ ਕੁਝ ਸਮਾਇਆ ਹੋਇਆ ਹੈ। ਇਸ ਸਾਰੇ ਸੰਦਰਭ ਦਾ ਮਤਲਬ ਹੈ ਕਿ ਉਸ ਅਪਰੰਪਾਰ ਪ੍ਰਭੂ ਦੇ ਹੁਕਮ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ। (ਇੱਜਤ ਪੱਤ ਵਡਿਆਈਆਂ ਚੰਗਿਆਈਆਂ ਯਸ ਮਾਨ ਅਪਮਾਨ ਸਭ ਕੁਝ ਉਸ ਪ੍ਰਭੂ ਦੇ ਹੱਥ ਵਿੱਚ ਹੈ।)

ਪਉੜੀ ॥

ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥ ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥ ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥ {ਪੰਨਾ 150}

ਭਾਵ ਅਰਥ:-

ਹੇ ਨਿਰੰਜਨ ਨਿਰੰਕਾਰ ਪ੍ਰਭੂ! ਤੂੰ ਅਸਚਰਜ ਰੂਪ ਹੈਂ ਮੈਂ ਤੇਰੇ ਤੋਂ ਵਾਰੀ ਜਾਂਦਾ ਹਾਂ (ਭਾਵ ਵਡਿਆਈ ਕਰਦਾ ਹਾਂ)। ਤੂੰ ਸਦਾ ਥਿਰ ਰਹਿਣ ਵਾਲਾ ਦਰਬਾਨ ਹੈਂ ,ਬਾਕੀ ਜੀਵ ਆਉਣ ਜਾਣ ਵਾਲੇ ਹਨ (ਭਾਵ ਉਹਨਾਂ ਦਾ ਜੀਣਾ ਮਰਨਾ ਲੱਗਿਆ ਹੀ ਰਹਿੰਦਾ ਹੈ)। ਮਨੁੱਖ ਨੂੰ ਜੇ ਕੁਝ ਮੰਗਣਾ ਚਾਹੀਦਾ ਹੈ ਤਾਂ ਤੇਰਾ ਸਾਥ ,ਦਾਨ ਵਿੱਚ ਮੰਗਣਾ ਚਾਹੀਦਾ ਹੈ। ਹੇ ਦਾਤਾ ਤੇਰਾ ਹੁਕਮ ਸੱਚਾ ਤੇ ਤੇਰੀ ਧੁਰ ਕੀ ਬਾਣੀ ਵਿੱਚੋਂ ਝਲਕਦਾ ਹੈ। ਤੇਰੇ ਦੁਆਰਾ ਦਿੱਤਾ ਹੋਇਆ ਗਿਆਨ ਵਿਚਾਰ ਸਾਡੇ ਲਈ ਪ੍ਰਸ਼ਾਦ ਹੈ ਅਤੇ ਸਾਨੂੰ ਉਨ੍ਹਾਂ ਹੀ ਲੀਹਾਂ ਤੇ ਚਲਣਾ ਚਾਹੀਦਾ ਹੈ। ਸੋ ਸਦਾ ਹੀ ਸਥਿਰ ਰਹਿਣ ਵਾਲਾ ਪ੍ਰਭੂ ਦਾਤਾ ਜਿਹੜਾ ਨਿਤ ਹੀ ਸਾਨੂੰ ਦਾਤਾਂ ਦਿੰਦਾ ਹੈ, ਉਹ ਵੀ ਦੂਣ ਸਵਾਈਆਂ। ਹੇ ਨਾਨਕ! ਮੈਂ ਦਾਤੇ ਤੋਂ ਉਹ ਦਾਨ ਮੰਗਦਾ ਹਾਂ ਜਿਹੜਾ ਉਸ ਨੂੰ ਚੰਗਾ ਲੱਗਦਾ ਹੈ (ਭਾਵ ਮੈਂ ਉਸ ਦੀ ਰਜ਼ਾ ਵਿੱਚ ਰਾਜ਼ੀ ਹਾਂ)।

ਸਲੋਕੁ ਮ:੨ ॥

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥ {ਪੰਨਾ 150}

ਭਾਵ ਅਰਥ:-

ਹੇ ਨਾਨਕ! ਜਿਨਾਂ ਦੇ ਸਿਰ ਦੇ ਉੱਪਰ ਗੁਰੂ ਦਾ ਹੱਥ ਹੈ ਉਸ ਨੂੰ ਕਿਸੇ ਹੋਰ ਤੋਂ ਉਪਦੇਸ਼ ਦੀ ਲੋੜ ਨਹੀਂ, ਕਿਉਂਕਿ ਇਸ ਸਿੱਖਿਆ ਰਾਹੀਂ ਮਨੁੱਖ ਹਰੀ ਪ੍ਰਭੂ ਦੀ ਸਿਫਤ ਸਲਾਹ ਕਰਕੇ ਉਸ ਨਾਲ ਜੁੜ ਜਾਂਦਾ ਹੈ ਹੁਣ ਹੋਰ ਇਸ ਤੋਂ ਉੱਚੀ ਸਿੱਖਿਆ ਦੀ ਕੀ ਜਰੂਰਤ ਹੋ ਸਕਦੀ ਹੈ।

ਮ:੧ ॥

ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥ ਆਪੇ ਜਾਣੈ ਸਰਬ ਵੀਚਾਰ ॥ ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥

ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ {ਪੰਨਾ 150}

ਭਾਵ ਅਰਥ:-

ਹੇ ਭਾਈ ! ਉਹ ਅਕਾਲ ਪੁਰਖ, ਜਿਸ ਜੀਵ ਨੂੰ ਆਪਣੇ ਬਾਰੇ ਸਮਝ ਦੇਣਾ ਚਾਹੁੰਦਾ ਹੈ, ਉਸੇ ਨੂੰ ਹੀ ਦਿੰਦਾ ਹੈ ਤਾਂ ਹੀ ਮਨੁੱਖ ਸਮਝ ਸਕਦਾ ਹੈ। (ਇਸ ਦਾ ਭਾਵ ਇਹ ਹੈ ਕਿ ਮਨੁੱਖ ਆਪਣੀ ਮਰਜ਼ੀ ਨਾਲ ਜਬਰਦਸਤੀ ਜਾਂ ਜੋਰ ਨਾਲ ਉਸ ਪ੍ਰਭੂ ਪਰਮਾਤਮਾ ਨੂੰ ਨਹੀਂ ਪਾ ਸਕਦਾ)। ਇਸ ਪ੍ਰਾਪਤੀ ਬਾਰੇ ਐਵੇਂ ਹੀ ਝੱਖ ਮਾਰੀ ਜਾਣ ਦਾ ਕੋਈ ਮਤਲਬ ਨਹੀਂ, ਅਜੇਹਾ ਮਨੁੱਖ, ਅੰਦਰੋਂ ਮਾਇਆ ਦੇ ਵਿਕਾਰ ਵਿੱਚ ਲਿਪਤ ਰਹਿੰਦਾ ਹੈ। ਉਸ ਦਾਤੇ ਦੇ ਹੁਕਮ ਦੇ ਅੰਦਰ ਹੀ ਜੀਵ ਅਕਲ ਹਾਸਲ ਕਰਦੇ ਹਨ। ਉਹ ਇੰਨਾ ਰਮਜਾਂ ਨੂੰ ਆਪ ਹੀ ਸਭ ਜਾਣਦਾ ਹੈ। ਸ਼ਬਦ ਬੋਲ, ਬਾਣੀ ਅੱਖਰ ਸਭ ਉਹ ਆਪ ਪੈਦਾ ਕਰਦਾ ਹੈ ਤੇ ਅਖਵਾਉਂਦਾ ਹੈ। ਇਸ ਸਾਰੇ ਕੁਝ ਬਾਰੇ ਸੱਚੀ ਸੋਚ ਉਸੇ ਮਨੁੱਖ ਨੂੰ ਹੀ ਮਿਲ ਸਕਦੀ ਹੈ ਜਿਸ ਉੱਤੇ ਉਸ ਦਾਤੇ ਦੀ ਮਿਹਰ ਹੋ ਜਾਂਦੀ ਹੈ।

ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ {ਪੰਨਾ 150}

ਭਾਵ ਅਰਥ:-

ਮੈਂ ਬੇਕਾਰ ਵਿਹਲੜ ਜਿਹਾ ਤੁਰਿਆ ਫਿਰਦਾ ਸੀ, ਜਿਸ ਨੂੰ ਦਾਤੇ ਨੇ ਆਪ ਧੰਦੇ ਲਾ ਦਿੱਤਾ ਹੈ। ਇਸ ਤਰਾਂ ਜਦੋਂ ਮੇਰੀ ਲਗਨ ਉਸ ਪ੍ਰਭੂ ਨਾਲ ਜੁੜ ਗਈ ਤਾਂ ਉਸ ਮੈਨੂੰ ਆਪਣੇ ਦਰ ਤੇ ਬੁਲਾ ਲਿਆ ਅਤੇ ਸਰੋਪੇ ਨਾਲ ਸਜਾਇਆ। ਸਦਾ ਕਾਇਮ ਰਹਿਣ ਵਾਲਾ ਆਤਮਿਕ ਜੀਵਨ ਦਿੱਤਾ, ਭੋਜਨ ਦਿੱਤਾ(ਉਥੇ ਹੀ ਬਾਕੀ ਜੀਵਨ ਦੀਆਂ ਵੀ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ)। ਜਿਸ ਜਿਸ ਮਨੁੱਖ ਨੇ ਗੁਰੂ ਦੇ ਮਾਰਗ ਦਰਸ਼ਨ ਅਨੁਸਾਰ ਆਪਣਾ ਜੀਵਨ ਢਾਲ ਲਿਆ, ਉਸ ਨੇ ਨਾਮ ਦਾ ਭੋਜਨ ਰਜ ਰਜ ਕੇ ਛਕਿਆ। ਮੈਂ ਵਿਹਲੜ ਹੁਣ ਪ੍ਰਭੂ ਦੀ ਸਿਫਤ ਸਲਾਹ ਵਿੱਚ ਲੱਗਿਆ ਹਾਂ ਤੇ ਉਹਦੇ ਦਰ ਤੋਂ ਉਸ ਦੇ ਨਾਮ ਦਾ ਭੋਜਨ ਛਕਦਾ ਹਾਂ, ਆਨੰਦ ਮਾਣਦਾ ਹਾਂ। ਹੇ ਨਾਨਕ! ਸੱਚੇ ਪ੍ਰਭੂ ਦੀ ਸਿਫਤ ਸਲਾਹ ਕਰਕੇ ਉਸ ਪੂਰਨ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

Gillson TRUCKING INC



NOW HIRING
TRUCK DRIVERS
CLASS A CDL

- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਔਖੇ ਹਾਲਾਤਾਂ ਵਿੱਚ ਸਰੀਰ ਦੀ ਪ੍ਰਤੀਕ੍ਰਿਆ

ਮਨੁੱਖ ਜੈਵਿਕ ਤੌਰ 'ਤੇ ਜ਼ਿੰਦਗੀ ਜੀਣ ਲਈ ਬਣਿਆ ਹੈ। ਜਦੋਂ ਕੋਈ ਖਤਰਾ, ਸਦਮਾ ਜਾਂ ਬਹੁਤ ਜ਼ਿਆਦਾ ਤਣਾਅ ਸਾਹਮਣੇ ਆਉਂਦਾ ਹੈ, ਤਾਂ ਸਰੀਰ ਆਪਣੇ ਆਪ ਇਕ ਸੰਕਟਕਾਲੀਨ ਅਵਸਥਾ ਵਿੱਚ ਚਲਾ ਜਾਂਦਾ ਹੈ ਜਿਸਨੂੰ ਲੜੋ-ਜਾਂ-ਭੱਜੋ ਪ੍ਰਤੀਕ੍ਰਿਆ ਕਿਹਾ ਜਾਂਦਾ ਹੈ। ਇਹ ਪ੍ਰਤੀਕ੍ਰਿਆ ਮਨੁੱਖ ਨੂੰ ਜਾਂ ਤਾਂ ਖ਼ਤਰੇ ਦਾ ਸਾਹਮਣਾ ਕਰਨ (ਲੜੋ) ਜਾਂ ਉਸ ਤੋਂ ਬਚ ਕੇ ਨਿਕਲਣ (ਭੱਜੋ) ਲਈ ਤਿਆਰ ਕਰਦੀ ਹੈ। ਇਸ ਧਾਰਨਾ ਨੂੰ 20ਵੀਂ ਸਦੀ ਦੇ ਸ਼ੁਰੂ ਵਿੱਚ ਵਿਗਿਆਨੀ ਵਾਲਟਰ ਕੈਨਨ ਨੇ ਵਰਣਨ ਕੀਤਾ ਸੀ।

ਅੱਜ ਆਧੁਨਿਕ ਮਨੋਵਿਗਿਆਨ ਅਤੇ ਆਧੁਨਿਕ ਇਲਾਜ਼ ਪ੍ਰਣਾਲੀ ਦੇ ਵਿਗਿਆਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਮਨੁੱਖ ਦੇ ਅੰਦਰ ਮੌਜੂਦ ਇਕ ਡੂੰਘਾ ਜੀਵਨ-ਰੱਖਿਆ ਤੰਤਰ ਹੈ।

ਲੜਨ ਜਾਂ ਭੱਜਣ ਦੌਰਾਨ ਕੀ ਹੁੰਦਾ ਹੈ?

ਜਦੋਂ ਦਿਮਾਗ ਖ਼ਤਰਾ ਮਹਿਸੂਸ ਕਰਦਾ ਹੈ ਚਾਹੇ ਉਹ ਸਰੀਰਕ ਹੋਵੇ ਜਾਂ ਮਾਨਸਿਕ ਤਾਂ ਉਹ ਸਿਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਕਰ ਦਿੰਦਾ ਹੈ, ਜੋ ਸਰੀਰ ਦਾ ਐਮਰਜੈਂਸੀ ਕੰਟਰੋਲ ਕੇਂਦਰ ਹੈ।

ਕੁਝ ਸਕਿੰਟਾਂ ਵਿੱਚ ਕਈ ਤਬਦੀਲੀਆਂ ਹੁੰਦੀਆਂ ਹਨ:

ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ ਤਾਂ ਜੋ ਮਾਸਪੇਸ਼ੀਆਂ ਨੂੰ ਵਧੇਰੇ ਖ਼ੂਨ ਮਿਲੇ, ਸਾਹ ਤੇਜ਼ ਹੋ ਜਾਂਦਾ ਹੈ ਤਾਂ ਜੋ ਵਧੇਰੇ ਆਕਸੀਜ਼ਨ ਮਿਲੇ, ਅੱਖਾਂ ਦੀਆਂ ਪੁਤਲੀਆਂ ਫੈਲ ਜਾਂਦੀਆਂ ਹਨ ਤਾਂ ਜੋ ਦ੍ਰਿਸ਼ਟੀ ਸੁਧਰੇ, ਪਾਚਣ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ ਤਾਂ ਜੋ ਊਰਜਾ ਬਚੇ, ਮਾਸਪੇਸ਼ੀਆਂ ਤਣਾਅ ਵਿੱਚ ਆ ਕੇ ਕਾਰਵਾਈ ਲਈ ਤਿਆਰ ਹੋ ਜਾਂਦੀਆਂ ਹਨ, ਧਿਆਨ ਅਤੇ ਚੌਕਸੀ ਬਹੁਤ ਵੱਧ ਜਾਂਦੀ ਹੈ।

ਇਹ ਸਾਰੀ ਪ੍ਰਕਿਰਿਆ ਬਿਨਾਂ ਸੋਚੇ-ਸਮਝੇ, ਆਪਣੇ ਆਪ ਹੋ ਜਾਂਦੀ ਹੈ।

ਹਾਰਮੋਨਾਂ ਦੀ ਭੂਮਿਕਾ

ਹਾਂ ਹਾਰਮੋਨ ਇਸ ਪ੍ਰਤੀਕ੍ਰਿਆ ਦਾ ਕੇਂਦਰ ਹਨ।

ਦੋ ਮੁੱਖ ਤਣਾਅ ਹਾਰਮੋਨ ਨਿਕਲਦੇ ਹਨ:

1. ਐਡ੍ਰਿਨਲਿਨ (ਓਪਿਨੲਪਹਰਿਨੲ)

ਐਡ੍ਰੀਨਲ ਗ੍ਰੰਥੀਆਂ ਤੋਂ ਨਿਕਲਦਾ ਹੈ, ਦਿਲ ਦੀ ਧੜਕਨ ਅਤੇ ਖ਼ੂਨ ਦਾ ਦਬਾਅ ਵਧਾਉਂਦਾ ਹੈ, ਸਰੀਰ ਨੂੰ ਤੁਰੰਤ ਊਰਜਾ ਦਿੰਦਾ ਹੈ, ਪ੍ਰਤੀਕ੍ਰਿਆ ਦੀ ਗਤੀ ਤੇਜ਼ ਕਰਦਾ ਹੈ।

2. ਕੋਰਟਿਸੋਲ

ਕੋਰਟਿਸੋਲ ਨੂੰ ਸਟ੍ਰੈੱਸ ਹਾਰਮੋਨ ਕਿਹਾ ਜਾਂਦਾ ਹੈ ਇਹ ਹਾਰਮੋਨ ਲੰਬੇ ਸਮੇਂ ਲਈ ਚੌਕਸੀ ਬਣਾਈ ਰੱਖਦਾ ਹੈ,ਖ਼ੂਨ ਵਿੱਚ ਸ਼ੂਗਰ ਵਧਾ ਕੇ ਤੁਰੰਤ ਊਰਜਾ ਦਿੰਦਾ ਹੈ, ਗੈਰ-ਜ਼ਰੂਰੀ ਕੰਮਾਂ ਜਿਵੇਂ ਰੋਗ-ਰੋਕਣ ਵਾਲੇ ਤੰਤਰ ਅਤੇ ਪਾਚਣ ਕਿਰਿਆ ਨੂੰ ਅਸਥਾਈ ਤੌਰ 'ਤੇ ਘਟਾ ਦਿੰਦਾ ਹੈ, ਇਹ ਹਾਰਮੋਨ ਸਰੀਰ ਨੂੰ ਕੁਝ ਸਮੇਂ ਲਈ ਜੀਵਨ-ਬਚਾਉਣ ਵਾਲੀ ਮਸ਼ੀਨ ਬਣਾ ਦਿੰਦੇ ਹਨ।

ਕੀ ਇਹ ਪ੍ਰਤੀਕ੍ਰਿਆ ਸਭ ਵਿੱਚ ਇੱਕੋ ਜਿਹੀ ਹੁੰਦੀ ਹੈ?

ਮੂਲ ਜੈਵਿਕ ਪ੍ਰਕਿਰਿਆ ਲਗਭਗ ਸਭ ਮਨੁੱਖਾਂ ਅਤੇ ਕਈ ਜਾਨਵਰਾਂ ਵਿੱਚ ਇੱਕੋ ਜਿਹੀ ਹੈ। ਪਰ ਇਸ ਦਾ ਪ੍ਰਗਟਾਵਾ ਵਿਅਕਤੀ-ਵਿਅਕਤੀ ਅਨੁਸਾਰ ਵੱਖਰਾ ਹੁੰਦਾ ਹੈ।

ਇਸ 'ਤੇ ਪ੍ਰਭਾਵ ਪਾਉਣ ਵਾਲੇ ਕਾਰਕ ਵਿਅਕਤੀਗਤ ਸੁਭਾਉ, ਪਿਛਲੇ ਤਜਰਬੇ, ਸਰੀਰਕ ਤੰਦਰੁਸਤੀ, ਮਾਨਸਿਕ ਸਿਹਤ, ਸੱਭਿਆਚਾਰਕ ਪ੍ਰਭਾਵ, ਖ਼ਤਰੇ ਦੀ ਕਿਸਮ, ਕੋਈ ਵਿਅਕਤੀ ਮੁਕਾਬਲਾ ਕਰਦਾ ਹੈ, ਕੋਈ ਭੱਜ ਜਾਂਦਾ ਹੈ ਤੇ ਕੋਈ ਸਥਿਰ ਹੋ ਜਾਂਦਾ ਹੈ।

ਕੀ ਇਹ ਹਰ ਸਥਿਤੀ ਵਿੱਚ ਲਾਗੂ ਹੁੰਦੀ ਹੈ?

ਪੂਰੀ ਤਰ੍ਹਾਂ ਨਹੀਂ।

ਇਹ ਪ੍ਰਤੀਕ੍ਰਿਆ ਮੁੱਢਲੇ ਤੌਰ 'ਤੇ ਸਰੀਰਕ ਖ਼ਤਰਿਆਂ (ਜਿਵੇਂ ਜਾਨਵਰਾਂ ਦੇ ਹਮਲੇ, ਹਾਦਸੇ) ਲਈ ਵਿਕਸਿਤ ਹੋਈ ਸੀ। ਪਰ ਆਧੁਨਿਕ ਜੀਵਨ ਵਿੱਚ ਇਹ ਮਾਨਸਿਕ ਤਣਾਅ ਲਈ ਵੀ ਸਰਗਰਮ ਹੋ ਜਾਂਦੀ ਹੈ। ਤਣਾਅ ਦੀਆਂ ਅਵਸਥਾਵਾਂ ਵਿੱਚ ਇਮਤਿਹਾਨ, ਨੌਕਰੀ ਦਾ ਦਬਾਅ, ਆਰਥਿਕ ਚਿੰਤਾ, ਸਮਾਜਿਕ ਟਕਰਾਅ, ਜਨਤਕ ਭਾਸ਼ਣ, ਦੁਖਦਾਈ ਯਾਦਾਂ

ਇਨ੍ਹਾਂ ਹਾਲਾਤਾਂ ਵਿੱਚ ਅਸਲ ਖ਼ਤਰਾ ਨਹੀਂ ਹੁੰਦਾ, ਪਰ ਸਰੀਰ ਉਸੇ ਤਰ੍ਹਾਂ ਪ੍ਰਤੀਕ੍ਰਿਆ ਕਰਦਾ ਹੈ।

ਫ੍ਰੀਜ਼ ਪ੍ਰਤੀਕ੍ਰਿਆ ਤੀਜਾ ਵਿਕਲਪ

ਆਧੁਨਿਕ ਮਨੋਵਿਗਿਆਨ ਤੀਜੀ ਪ੍ਰਤੀਕ੍ਰਿਆ ਨੂੰ ਵੀ ਮੰਨਦਾ ਹੈ:

ਫ੍ਰੀਜ਼ (ਢਰੲੲਜ਼ੲ)

ਕਈ ਵਾਰ ਵਿਅਕਤੀ ਹਿਲਣ-ਜੁਲਣ ਤੋਂ ਅਸਮਰਥ ਹੋ ਜਾਂਦਾ ਹੈ, ਚੁੱਪ ਜਾਂ ਸੁੰਨ ਹੋ ਜਾਂਦਾ ਹੈ। ਇਹ ਵੀ ਇਕ ਜੀਵਨ-ਬਚਾਉਣ ਵਾਲੀ ਰਣਨੀਤੀ ਹੈ।

ਇਸ ਤਰ੍ਹਾਂ ਤਿੰਨ ਸੰਭਾਵਿਤ ਪ੍ਰਤੀਕ੍ਰਿਆਵਾਂ ਹਨ ਲੜਨਾ,ਭੱਜਣਾ ਅਤੇ ਸੁੰਨ(ਫ੍ਰੀਜ਼) ਹੋ ਜਾਣਾ।

ਕੀ ਇਹ ਹਾਨੀਕਾਰਕ ਹੋ ਸਕਦੀ ਹੈ?

ਛੋਟੇ ਸਮੇਂ ਲਈ ਇਹ ਅਵਸਥਾ ਲਾਭਦਾਇਕ ਅਤੇ ਜੀਵਨ-ਰੱਖਿਆਕਾਰੀ ਹੈ।

ਪਰ ਜੇ ਇਹ ਲੰਬੇ ਸਮੇਂ ਤੱਕ ਚਾਲੂ ਰਹੇ ਤਾਂ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਲੰਬੇ ਸਮੇਂ ਦੇ ਪ੍ਰਭਾਵ ਵਿੱਚ ਸ਼ਾਮਲ ਹਨ ਡਰ, ਚਿੰਤਾ ਅਤੇ ਬੇਚੈਨੀ, ਉੱਚ ਖ਼ੂਨ ਦਬਾਅ, ਨੀਂਦ ਦੀ ਸਮੱਸਿਆ, ਕਮਜ਼ੋਰ ਰੋਗ-ਰੋਕਣ ਦੀ ਤਾਕਤ, ਪਾਚਣ ਦੀਆਂ ਸਮੱਸਿਆਵਾਂ, ਦਿਲ ਦੀ ਬਿਮਾਰੀਆਂ ਦਾ ਖ਼ਤਰਾ।

ਆਧੁਨਿਕ ਤਣਾਅ ਸਰੀਰ ਨੂੰ ਲਗਾਤਾਰ ਚੌਕਸੀ ਵਿੱਚ ਰੱਖਦਾ ਹੈ।

ਇਹ ਪ੍ਰਣਾਲੀ ਕਿਉਂ ਮੌਜੂਦ ਹੈ?

ਵਿਕਾਸਵਾਦੀ ਦ੍ਰਿਸ਼ਟੀਕੋਣ ਤੋਂ, ਇਸ ਪ੍ਰਤੀਕ੍ਰਿਆ ਨੇ ਪ੍ਰਾਚੀਨ ਮਨੁੱਖ ਨੂੰ ਖਤਰਨਾਕ ਹਾਲਾਤਾਂ ਤੋਂ ਬਚਾਇਆ।

ਇਹ ਤੁਰੰਤ ਜੀਵਨ ਬਚਾਉਣ ਨੂੰ ਪਹਿਲ ਦੇਂਦੀ ਹੈ, ਅਸਥਾਈ ਤੌਰ 'ਤੇ ਤਾਕਤ ਵਧਾ ਸਕਦੀ ਹੈ। ਦਰਦ ਮਹਿਸੂਸ ਕਰਨਾ ਘਟਾ ਸਕਦੀ ਹੈ, ਪ੍ਰਤੀਕ੍ਰਿਆ ਦੀ ਗਤੀ ਵਧਾ ਸਕਦੀ ਹੈ, ਖ਼ਤਰੇ ਵਿੱਚ ਫ਼ੈਸਲਾ ਕਰਨ ਦੀ ਸਮਰਥਾ ਸੁਧਾਰ ਸਕਦੀ ਹੈ।

ਇਸ ਪ੍ਰਤੀਕ੍ਰਿਆ ਨੂੰ ਕਿਵੇਂ ਸ਼ਾਂਤ ਕੀਤਾ ਜਾਵੇ?

ਕਿਉਂਕਿ ਆਧੁਨਿਕ ਤਣਾਅ ਜ਼ਿਆਦਾਤਰ ਮਾਨਸਿਕ ਹੁੰਦਾ ਹੈ, ਇਸ ਲਈ ਸ਼ਾਂਤੀ ਦੇ ਤਰੀਕੇ ਬਹੁਤ ਜ਼ਰੂਰੀ ਹਨ ਡੂੰਘੀ ਸਾਹ ਲੈਣ ਦੀ ਕਸਰਤ, ਧਿਆਨ ਅਤੇ ਮਾਈਂਡਫੁਲਨੈੱਸ, ਸਰੀਰਕ ਕਸਰਤ, ਪੂਰੀ ਨੀਂਦ, ਪਰਿਵਾਰ ਅਤੇ ਦੋਸਤਾਂ ਦਾ ਸਹਿਯੋਗ

ਮਨ ਨੂੰ ਸ਼ਾਂਤ ਕਰਨ ਵਾਲੀਆਂ ਤਕਨੀਕਾਂ।

ਇਹ ਤਰੀਕੇ ਪੈਰਾਸਿਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਕਰਦੇ ਹਨ, ਜੋ ਸਰੀਰ ਨੂੰ ਮੁੜ ਸ਼ਾਂਤ ਅਵਸਥਾ ਵਿੱਚ ਲਿਆਉਂਦਾ ਹੈ।

ਲੜੋ ਜਾਂ ਭੱਜੋ ਵਾਲੀ ਪ੍ਰਤੀਕ੍ਰਿਆ ਇਕ ਸ਼ਕਤੀਸ਼ਾਲੀ ਜੀਵਨ-ਰੱਖਿਆਕਾਰੀ ਤੰਤਰ ਹੈ ਜੋ ਕਠਿਨ ਹਾਲਾਤਾਂ ਵਿੱਚ ਜੀਵਨ ਦੀ ਰੱਖਿਆ ਲਈ ਬਣਿਆ ਹੈ। ਇਹ ਮੁੱਖ ਤੌਰ 'ਤੇ ਐਡ੍ਰਿਨਲਿਨ ਅਤੇ ਕੋਰਟਿਸੋਲ ਵਰਗੇ ਹਾਰਮੋਨਾਂ ਦੇ ਤੇਜ਼ ਬਦਲਾਵਾਂ ਨਾਲ ਚਲਦੀ ਹੈ।

ਇਹ ਮਨੁੱਖਾਂ ਵਿੱਚ ਆਮ ਹੈ, ਪਰ ਇਸ ਦਾ ਪ੍ਰਗਟਾਵਾ ਵੱਖਰਾ ਹੋ ਸਕਦਾ ਹੈ। ਕਦੇ-ਕਦੇ ਸਰਗਰਮ ਹੋਵੇ ਤਾਂ ਲਾਭਦਾਇਕ ਹੈ, ਪਰ ਲੰਬੇ ਸਮੇਂ ਲਈ ਰਹੇ ਤਾਂ ਸਰੀਰ ਅਤੇ ਮਨ ਦੋਵਾਂ ਲਈ ਹਾਨੀਕਾਰਕ ਹੋ ਸਕਦੀ ਹੈ।

ਇਸ ਪ੍ਰਤੀਕ੍ਰਿਆ ਨੂੰ ਸਮਝਣਾ ਮਨੁੱਖ ਨੂੰ ਤਣਾਅ ਨੂੰ ਬਿਹਤਰ ਢੰਗ ਨਾਲ ਸੰਭਾਲਣ ਅਤੇ ਸਮੁੱਚੀ ਸਿਹਤ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਦਾ ਹੈ।







Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK





**1003 Moffat Blvd, Manteca CA 95336**

# 209-239-1551



Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
**BALRAJ SINGH PANNU**
**541-942-0105**

Chevron

**1250, Gateway Blvd. Cottage, OR 97424,**
**Ph : 541-942-4142 Fax : 541-942-9668**



# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

**PREETI PANNU**
**(541) 369-2801**
FAX (541) 369-3810

**33180 HWY 228 HALSEY, OR 97348**


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ ਅਤੇ ਕਾਰਬਨ ਕ੍ਰੈਡਿਟ ਵਿਚਕਾਰ ਨੀਤੀ ਦਾ ਪਾੜਾ



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਠੋਸ ਰਹਿੰਦ-ਖੂੰਹਦ ਦਾ ਪ੍ਰਬੰਧਨ ਅਤੇ ਜਲਵਾਯੂ ਘਟਾਉਣਾ ਨਜ਼ਦੀਕੀ ਤੌਰ 'ਤੇ ਜੁੜੇ ਨੀਤੀ ਖੇਤਰ ਹਨ। ਵਿਗਿਆਨਕ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲੈਂਡਫਿਲਜ਼ ਤੋਂ ਮੀਥੇਨ ਨਿਕਾਸ ਨੂੰ ਘਟਾਉਂਦੀ ਹੈ, ਸਰੋਤਾਂ ਦਾ ਬਚਾਅ ਕਰਦੀ ਹੈ, ਅਤੇ ਸਰਕੂਲਰ ਆਰਥਿਕਤਾ ਦੇ ਟੀਚਿਆਂ ਦਾ ਸਮਰਥਨ ਕਰਦੀ ਹੈ। ਭਾਰਤ ਨੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ, 2016 ਅਤੇ ਬਾਅਦ ਦੇ ਅਪਡੇਟਾਂ ਰਾਹੀਂ ਆਪਣੀ ਕੂੜਾ ਸ਼ਾਸਨ ਨੂੰ ਮਜ਼ਬੂਤ ਕੀਤਾ ਹੈ, ਨਾਲ ਹੀ ਬਿਊਰੋ ਆਫ ਐਨਰਜੀ ਇਕੈਫੀਸ਼ੀਏਂਟਿਡ ਕਾਰਬਨ ਮਾਰਕੀਟ ਫਰੇਮਵਰਕ ਅਧੀਨ ਬਾਜ਼ਾਰ-ਅਧਾਰਿਤ ਜਲਵਾਯੂ ਵਿਧੀਆਂ ਨੂੰ ਉਤਸ਼ਾਹਿਤ ਕੀਤਾ ਹੈ।

ਸਾਂਝੇ ਵਾਤਾਵਰਣ ਉਦੇਸ਼ਾਂ ਦੇ ਬਾਵਜੂਦ, ਰਹਿੰਦ-ਖੂੰਹਦ ਪ੍ਰਬੰਧਨ ਪਾਲਣਾ ਲੋੜਾਂ ਅਤੇ ਕਾਰਬਨ ਕ੍ਰੈਡਿਟ ਯੋਗਤਾ ਵਿਚਕਾਰ ਨੀਤੀਗਤ ਪਾੜਾ ਕਾਇਮ ਹੈ। ਇਹ ਪਾੜਾ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪ੍ਰਾਈਵੇਟ ਆਪਰੇਟਰਾਂ ਲਈ ਰੈਗੂਲੇਟਰੀ ਉਲਝਣ, ਵਿੱਤੀ ਅਨਿਸ਼ਚਿਤਤਾ ਅਤੇ ਲਾਗੂ ਕਰਨ ਦੀਆਂ ਚੁਣੌਤੀਆਂ ਪੈਦਾ ਕਰਦਾ ਹੈ।

ਰੈਗੂਲੇਟਰੀ ਫਰੇਮਵਰਕ ਅਤੇ ਜਲਵਾਯੂ ਵਿੱਤ ਲਿੰਕ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ ਵਿੱਚ ਨਗਰ ਪਾਲਿਕਾਵਾਂ ਨੂੰ ਸਰੋਤ, ਰੀਸਾਈਕਲਿੰਗ, ਕੰਪੋਸਟਿੰਗ, ਬਾਇਓਮੇਥਨੇਸ਼ਨ ਅਤੇ ਬਚੇ ਹੋਏ ਕੂੜੇ ਦੇ ਵਿਗਿਆਨਕ ਨਿਪਟਾਰੇ ਨੂੰ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ। ਇਹਨਾਂ ਉਪਾਵਾਂ ਦਾ ਉਦੇਸ਼ ਲੈਂਡਫਿਲ ਦੀ ਵਰਤੋਂ ਨੂੰ ਘੱਟ ਕਰਨਾ ਅਤੇ ਮੀਥੇਨ ਨਿਕਾਸ ਨੂੰ ਘਟਾਉਣਾ ਹੈ ਇੱਕ ਸ਼ਕਤੀਸ਼ਾਲੀ ਗ੍ਰੀਨਹਾਉਸ ਗੈਸ।

ਇਹਨਾਂ ਨਿਯਮਾਂ ਦੇ ਸਮਾਨਾਂਤਰ, ਭਾਰਤ ਦਾ ਕਾਰਬਨ ਮਾਰਕੀਟ ਫਰੇਮਵਰਕ ਨਿਕਾਸ-ਘਟਾਉਣ ਵਾਲੇ ਪ੍ਰੋਜੈਕਟਾਂ ਨੂੰ ਕਾਰਬਨ ਕ੍ਰੈਡਿਟ ਹਾਸਲ ਕਰਨ ਦੀ ਆਗਿਆ ਦਿੰਦਾ ਹੈ। ਸਿਧਾਂਤਕ ਤੌਰ 'ਤੇ, ਬਰਬਾਦੀ ਪ੍ਰਬੰਧਨ ਅਭਿਆਸਾਂ ਵਿੱਚ ਸੁਧਾਰ ਲੈਂਡਫਿਲ ਤੋਂ ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ ਨੂੰ ਮੋੜ ਕੇ ਅਤੇ ਊਰਜਾ ਦੀ ਵਰਤੋਂ ਲਈ ਮੀਥੇਨ ਨੂੰ ਕੈਪਚਰ ਕਰਕੇ ਮਾਪਣਯੋਗ ਜਲਵਾਯੂ ਲਾਭ ਪੈਦਾ ਕਰ ਸਕਦੇ ਹਨ।

ਹਾਲਾਂਕਿ, ਕਾਰਬਨ ਕ੍ਰੈਡਿਟ ਸਿਸਟਮ ਵਾਧੂਤਾ ਦੇ ਸਿਧਾਂਤ 'ਤੇ ਕੰਮ ਕਰਦੇ ਹਨ, ਮਤਲਬ ਕਿ ਨਿਕਾਸ ਵਿੱਚ ਕਮੀ ਕਾਨੂੰਨੀ ਤੌਰ 'ਤੇ ਲਾਜ਼ਮੀ ਕਾਰਵਾਈਆਂ ਤੋਂ ਵੱਧ ਹੋਣੀ ਚਾਹੀਦੀ ਹੈ।

ਕੋਰ ਪਾਲਿਸੀ ਗੈਪ: ਪਾਲਣਾ ਬਨਾਮ. ਵਾਧੂਤਾ

ਕੇਂਦਰੀ ਮੁੱਦਾ ਇਸ ਲਈ ਪੈਦਾ ਹੁੰਦਾ ਹੈ ਕਿਉਂਕਿ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਬਹੁਤ ਸਾਰੀਆਂ ਨਿਕਾਸ-ਘਟਾਉਣ ਵਾਲੀਆਂ ਗਤੀਵਿਧੀਆਂ ਪਹਿਲਾਂ ਹੀ ਸ਼ਾਂ ਨਿਯਮਾਂ ਅਧੀਨ ਲਾਜ਼ਮੀ ਹਨ।

ਮੁੱਖ ਵਿਰੋਧਾਭਾਸਾਂ ਵਿੱਚ ਸ਼ਾਮਲ ਹਨ

ਲਾਜ਼ਮੀ ਕਾਰਵਾਈਆਂ: ਅਲੱਗ-ਥਲੱਗ ਕਰਨਾ, ਖਾਦ ਬਣਾਉਣਾ, ਬਾਇਓਮੇਥੇਨੇਸ਼ਨ, ਅਤੇ ਲੈਂਡਫਿਲ ਡਾਈਵਰਸ਼ਨ ਕਾਨੂੰਨੀ ਜ਼ਿੰਮੇਵਾਰੀਆਂ ਹਨ।

ਕਾਰਬਨ ਕ੍ਰੈਡਿਟ ਨਿਯਮ: ਕਾਨੂੰਨ ਦੁਆਰਾ ਲੋੜੀਂਦੀਆਂ ਕਾਰਵਾਈਆਂ ਲਈ ਕ੍ਰੈਡਿਟ ਜਾਰੀ ਨਹੀਂ ਕੀਤੇ ਜਾਂਦੇ ਹਨ।

ਨੀਤੀ ਸੰਦੇਸ਼ ਟਕਰਾਅ: ਸ਼ਾਂ ਦਿਸ਼ਾ-ਨਿਰਦੇਸ਼ ਕਾਰਬਨ ਕ੍ਰੈਡਿਟ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੇ ਹਨ, ਫਿਰ ਵੀ ਪਾਲਣਾ ਗਤੀਵਿਧੀਆਂ ਅਯੋਗ ਹੋ ਸਕਦੀਆਂ ਹਨ।

ਇਹ ਵਿਰੋਧਾਭਾਸ ਕਾਰਬਨ ਮਾਲੀਆ ਦੀਆਂ ਧਾਰਾਵਾਂ ਦੀ ਉਮੀਦ ਕਰਨ ਵਾਲੇ ਨਗਰਪਾਲਿਕਾ ਅਧਿਕਾਰੀਆਂ ਲਈ ਅਨਿਸ਼ਚਿਤਤਾ ਪੈਦਾ ਕਰਦਾ ਹੈ।

ਨੀਤੀਗਤ ਪਾੜੇ ਤੋਂ ਉਭਰਦੇ ਪ੍ਰਮੁੱਖ ਮੁੱਦੇ

ਵਿੱਤੀ ਵਿਵਹਾਰਕਤਾ ਚੁਣੌਤੀਆਂ

ਨਗਰਪਾਲਿਕਾ ਸੰਸਥਾਵਾਂ ਅਕਸਰ ਰਹਿੰਦ-ਖੂੰਹਦ ਦੀ ਪ੍ਰਕਿਰਿਆ ਦੇ ਬੁਨਿਆਦੀ ਢਾਂਚੇ ਦਾ ਸਮਰਥਨ ਕਰਨ ਲਈ ਕਾਰਬਨ ਕ੍ਰੈਡਿਟ ਮਾਲੀਆ 'ਤੇ ਨਿਰਭਰ ਕਰਦੀਆਂ ਹਨ। ਜੇਕਰ ਪਾਲਣਾ ਗਤੀਵਿਧੀਆਂ ਕ੍ਰੈਡਿਟ ਹਾਸਲ ਨਹੀਂ ਕਰ ਸਕਦੀਆਂ, ਤਾਂ ਵਿੱਤ ਦਾ ਪਾੜਾ ਵਧ ਜਾਂਦਾ ਹੈ।

ਜਲਦੀ ਪਾਲਣਾ ਲਈ ਨਿਰਾਸ਼ਾਜਨਕ

ਜੋ ਸ਼ਹਿਰ ਸਰਗਰਮੀ ਨਾਲ ਪਾਲਣਾ ਕਰਦੇ ਹਨ ਉਹ ਕਾਰਬਨ ਆਮਦਨ ਦੇ ਮੌਕੇ ਗੁਆ ਸਕਦੇ ਹਨ, ਜਦੋਂ ਕਿ ਪਛੜੇ ਖੇਤਰ ਬਾਅਦ ਵਿੱਚ "ਪਾਲਣਾ ਤੋਂ ਪਰੇ" ਪ੍ਰੋਜੈਕਟਾਂ ਦੁਆਰਾ ਲਾਭ ਲੈ ਸਕਦੇ ਹਨ।

ਨਿੱਜੀ ਖੇਤਰ ਵਿੱਚ ਝਿਜਕ

ਰਹਿੰਦ-ਖੂੰਹਦ ਤੋਂ ਊਰਜਾ ਅਤੇ ਬਾਇਓਮੀਥਨੇਸ਼ਨ ਪ੍ਰੋਜੈਕਟਾਂ ਲਈ ਮਹੱਤਵਪੂਰਨ ਨਿਵੇਸ਼ ਦੀ ਲੋੜ ਹੁੰਦੀ ਹੈ। ਅਸਪਸ਼ਟ ਕ੍ਰੈਡਿਟ ਯੋਗਤਾ ਨਿੱਜੀ ਭਾਗੀਦਾਰੀ ਅਤੇ ਜਨਤਕ-ਨਿੱਜੀ ਭਾਈਵਾਲੀ ਨੂੰ ਨਿਰਾਸ਼ ਕਰਦੀ ਹੈ।

ਯੋਗਤਾ ਮਾਪਦੰਡ ਵਿੱਚ ਅਸਪਸ਼ਟਤਾ

ਇਸ ਬਾਰੇ ਲੋੜੀਂਦੀ ਸਪਸ਼ਟਤਾ ਨਹੀਂ ਹੈ ਕਿ ਕਿਹੜੇ ਰਹਿੰਦ-ਖੂੰਹਦ ਦੇ ਪ੍ਰੋਜੈਕਟ ਵਾਧੂ ਜਲਵਾਯੂ ਘਟਾਉਣ ਦੀਆਂ ਕਾਰਵਾਈਆਂ ਵਜੋਂ ਯੋਗ ਹਨ।

ਪ੍ਰਬੰਧਕੀ ਅਤੇ ਨਿਗਰਾਨੀ ਦੀ ਗੁੰਝਲਤਾ

ਰਹਿੰਦ-ਖੂੰਹਦ ਨੂੰ ਟਰੈਕ ਕਰਨਾ, ਮੀਥੇਨ ਘਟਾਉਣ ਦੀ ਮਾਪ ਅਤੇ ਕਾਰਬਨ ਤਸਦੀਕ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨਾ ਤਕਨੀਕੀ ਅਤੇ ਸੰਸਥਾਗਤ ਤੌਰ 'ਤੇ ਚੁਣੌਤੀਪੂਰਨ ਰਹਿੰਦਾ ਹੈ।

ਵਾਤਾਵਰਣ ਦੀ ਇਕਸਾਰਤਾ ਲਈ ਜੋਖਮ

ਜੇਕਰ ਲਾਜ਼ਮੀ ਕਾਰਵਾਈਆਂ ਲਈ ਕ੍ਰੈਡਿਟ ਜਾਰੀ ਕੀਤੇ ਜਾਂਦੇ ਹਨ, ਤਾਂ ਕਾਰਬਨ ਮਾਰਕੀਟ ਦੀ ਭਰੋਸੇਯੋਗਤਾ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ।

ਨਿਰੰਤਰ ਮੌਕੇ ਦੇ ਖੇਤਰ

ਨੀਤੀਗਤ ਪਾੜੇ ਦੇ ਬਾਵਜੂਦ, ਕਾਰਬਨ ਕ੍ਰੈਡਿਟ ਪੈਦਾ ਕਰਨਾ ਕੁਝ ਖਾਸ ਹਾਲਾਤਾਂ ਵਿੱਚ ਸੰਭਵ ਰਹਿੰਦਾ ਹੈ

ਰੈਗੂਲੇਟਰੀ ਮਾਪਦੰਡਾਂ ਤੋਂ ਵੱਧ ਪ੍ਰੋਜੈਕਟ।

ਬੇਸਲਾਈਨ ਪਾਲਣਾ ਤੋਂ ਪਰੇ ਮੀਥੇਨ ਕੈਪਚਰ ਅਤੇ ਊਰਜਾ ਰਿਕਵਰੀ।

ਉੱਨਤ ਰਹਿੰਦ-ਖੂੰਹਦ ਤੋਂ ਊਰਜਾ ਤਕਨਾਲੋਜੀਆਂ।

ਲਾਗੂ ਕਰਨ ਲਈ ਵਿੱਤੀ ਜਾਂ ਤਕਨੀਕੀ ਰੁਕਾਵਟਾਂ ਦਾ ਪ੍ਰਦਰਸ਼ਨ।

ਸਵੈ-ਇੱਛਾ ਕਾਰਬਨ ਬਾਜ਼ਾਰਾਂ ਰਾਹੀਂ ਸਮੁੱਚੇ ਪ੍ਰੋਜੈਕਟ।

ਨੀਤੀ ਅਤੇ ਸ਼ਾਸਨ ਚੁਣੌਤੀਆਂ

ਇਹ ਪਾੜਾ ਵਾਤਾਵਰਣ ਨਿਯਮ ਅਤੇ ਜਲਵਾਯੂ ਵਿੱਤ ਢਾਂਚੇ ਵਿਚਕਾਰ ਇੱਕ ਵਿਸ਼ਾਲ ਤਾਲਮੇਲ ਮੁੱਦੇ ਨੂੰ ਦਰਸਾਉਂਦਾ ਹੈ। ਰਹਿੰਦ-ਖੂੰਹਦ ਦੇ ਨਿਯਮ ਜਨਤਕ ਸਿਹਤ ਅਤੇ ਵਾਤਾਵਰਣ ਸੁਰੱਖਿਆ 'ਤੇ ਧਿਆਨ ਕੇਂਦਰਤ ਕਰਦੇ ਹਨ, ਜਦੋਂ ਕਿ ਕਾਰਬਨ ਬਾਜ਼ਾਰ ਮਾਪਣਯੋਗ ਨਿਕਾਸ ਵਿੱਚ ਕਟੌਤੀ 'ਤੇ ਜ਼ੋਰ ਦਿੰਦੇ ਹਨ। ਤਾਲਮੇਲ ਤੋਂ ਬਿਨਾਂ, ਦੋਵਾਂ ਪ੍ਰਣਾਲੀਆਂ ਨੂੰ ਘੱਟ ਪ੍ਰਦਰਸ਼ਨ ਦਾ ਜੋਖਮ ਹੁੰਦਾ ਹੈ।

ਸ਼ਹਿਰੀ ਸਥਾਨਕ ਸੰਸਥਾਵਾਂ ਜਲਵਾਯੂ ਵਿੱਤ ਸਹਾਇਤਾ ਤੋਂ ਬਿਨਾਂ ਪਾਲਣਾ ਲੋੜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਸਕਦੀਆਂ ਹਨ, ਅਤੇ ਨਿਵੇਸ਼ਕ ਨੀਤੀ ਦੀ ਅਸਪਸ਼ਟਤਾ ਕਾਰਨ ਸਾਵਧਾਨ ਰਹਿੰਦੇ ਹਨ।

ਗੈਪ ਨੂੰ ਪੂਰਾ ਕਰਨ ਲਈ ਸਿਫ਼ਾਰਸ਼ਾਂ

ਅਸੰਗਤਤਾਵਾਂ ਨੂੰ ਹੱਲ ਕਰਨ ਅਤੇ ਜਲਵਾਯੂ ਦੇ ਨਤੀਜਿਆਂ ਨੂੰ ਮਜ਼ਬੂਤ ਕਰਨ ਲਈ, ਨੀਤੀ ਨਿਰਮਾਤਾਵਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ:

ਪਾਲਣਾ ਗਤੀਵਿਧੀਆਂ ਨੂੰ ਵਾਧੂ ਕਟੌਤੀਆਂ ਤੋਂ ਵੱਖਰਾ ਕਰਨ ਵਾਲੀਆਂ ਸਪੱਸ਼ਟ ਯੋਗਤਾ ਦਿਸ਼ਾ-ਨਿਰਦੇਸ਼ਾਂ।

ਭਾਰਤੀ ਰੈਗੂਲੇਟਰੀ ਹਕੀਕਤਾਂ ਦੇ ਅਨੁਸਾਰ ਰਹਿੰਦ-ਖੂੰਹਦ ਸੈਕਟਰ ਕਾਰਬਨ ਕਾਰਜਪ੍ਰਣਾਲੀ।

ਪਾਲਣਾ ਲਈ ਪ੍ਰੋਤਸਾਹਨ, ਜਿਵੇਂ ਕਿ ਗ੍ਰੀਨ ਕ੍ਰੈਡਿਟ ਜਾਂ ਪ੍ਰਦਰਸ਼ਨ-ਅਧਾਰਿਤ ਗ੍ਰਾਂਟਾਂ।

ਕਾਰਬਨ ਅਕਾਊਂਟਿੰਗ ਪਲੇਟਫਾਰਮਾਂ ਨਾਲ ਰਹਿੰਦ-ਖੂੰਹਦ ਦੇ ਡੇਟਾ ਪ੍ਰਣਾਲੀਆਂ ਦਾ ਡਿਜੀਟਲ ਏਕੀਕਰਨ।

ਕਾਰਬਨ ਮਾਰਕੀਟ ਭਾਗੀਦਾਰੀ ਵਿੱਚ ਸਥਾਨਕ ਸਰਕਾਰਾਂ ਲਈ ਸਮਰੱਥਾ ਨਿਰਮਾਣ।

ਵਾਤਾਵਰਣ ਨਿਯਮਾਂ ਅਤੇ ਜਲਵਾਯੂ ਵਿੱਤ ਢਾਂਚੇ ਵਿਚਕਾਰ ਨੀਤੀ ਸੁਮੇਲ।

ਸਿੱਟਾ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ ਅਤੇ ਕਾਰਬਨ ਕ੍ਰੈਡਿਟ ਵਿਧੀਆਂ ਵਿਚਕਾਰ ਨੀਤੀਗਤ ਪਾੜਾ ਬਾਜ਼ਾਰ-ਅਧਾਰਤ ਜਲਵਾਯੂ ਪ੍ਰੋਤਸਾਹਨਾਂ ਨਾਲ ਰੈਗੂਲੇਟਰੀ ਪਾਲਣਾ ਨੂੰ ਇਕਸਾਰ ਕਰਨ ਦੀ ਗੁੰਝਲਤਾ ਨੂੰ ਉਜਾਗਰ ਕਰਦਾ ਹੈ।

ਜਦੋਂ ਕਿ ਰਹਿੰਦ-ਖੂੰਹਦ ਦੀ ਪ੍ਰਕਿਰਿਆ ਵਾਤਾਵਰਣ ਸੁਰੱਖਿਆ ਅਤੇ ਮੀਥੇਨ ਘਟਾਉਣ ਲਈ ਜ਼ਰੂਰੀ ਹੈ, ਕਾਰਬਨ ਬਾਜ਼ਾਰ ਕਾਨੂੰਨੀ ਲੋੜਾਂ ਤੋਂ ਪਰੇ ਸਿਰਫ ਵਾਧੂ ਨਿਕਾਸ ਵਿੱਚ ਕਮੀ ਦਾ ਇਨਾਮ ਦਿੰਦੇ ਹਨ।

ਨੀਤੀ ਦੀ ਸਪਸ਼ਟਤਾ, ਵਿੱਤੀ ਨਵੀਨਤਾ ਅਤੇ ਸੰਸਥਾਗਤ ਤਾਲਮੇਲ ਰਾਹੀਂ ਇਸ ਪਾੜੇ ਨੂੰ ਹੱਲ ਕਰਨ ਨਾਲ ਜਲਵਾਯੂ ਵਿੱਤ ਦਾ ਰਾਹ ਖੁੱਲ੍ਹਾ ਹੋ ਸਕਦਾ ਹੈ, ਰਹਿੰਦ-ਖੂੰਹਦ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ, ਅਤੇ ਭਾਰਤ ਦੀਆਂ ਸਰਕੂਲਰ ਆਰਥਿਕਤਾ ਅਤੇ ਜਲਵਾਯੂ ਵਚਨਬੱਧਤਾਵਾਂ ਨੂੰ ਅੱਗੇ ਵਧਾਇਆ ਜਾ ਸਕਦਾ ਹੈ।




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਟੱਪੇ

ਮੀਂਹ ਹੁਣੇ ਪੈ ਕੇ ਹਟਿਆ ਏ,
ਗਰੀਬਾਂ ਨੇ ਗਰਮੀ ਦਾ ਮੌਸਮ
ਬੜੇ ਔਖੇ ਹੋ ਹੋ ਕੱਟਿਆ ਏ।
ਛੱਪੜ ਪਾਣੀ ਨਾਲ ਭਰ ਚੱਲਿਆ,
ਲੋਕ ਉਸ ਨੂੰ ਸਦਾ ਯਾਦ ਰੱਖਣਗੇ
ਜੋ ਉਨ੍ਹਾਂ ਖਾਤਰ ਮਰ ਚੱਲਿਆ।
ਆਕਾਸ਼ ਤੇ ਸੱਤਰੰਗੀ ਪੀਂਘ ਪਈ ਏ,
ਉਹ ਗਰੀਬਾਂ ਦੇ ਦਿਲਾਂ ਨੂੰ ਭਾ ਗਿਆ
ਜਿਸ ਨੇ ਉਨ੍ਹਾਂ ਦੀ ਸਾਰ ਲਈ ਏ।
ਠੰਢੀ, ਠੰਢੀ ਹਵਾ ਚੱਲ ਰਹੀ ਏ,
ਐਵੇਂ ਗੁੱਸਾ ਨਾ ਕਰ ਝੱਲਿਆ
ਅਸੀਂ ਗੱਲ ਤੇਰੇ ਭਲੇ ਦੀ ਕਹੀ ਏ।
ਟੁੱਟੀ ਸੜਕ 'ਚ ਪਾਣੀ ਖੜ੍ਹ ਗਿਆ ਏ,
ਖੌਰੇ ਇਸ ਨੇ ਕਦ ਸੁੱਕਣਾ
ਇਹ ਸਭ ਲਈ ਮੁਸੀਬਤ ਬਣ ਗਿਆ ਏ।
ਕੂੜਾ ਖਿੱਲਰਿਆ ਪਿਆ ਏ ਹਰ ਪਾਸੇ,
ਜਦੋਂ ਤੱਕ ਸਫਾਈ ਵੱਲ ਧਿਆਨ ਨ੍ਹੀ ਦਿੰਦੇ
ਤੁਹਾਡੇ ਚਿਹਰਿਆਂ ਤੇ ਆਣੇ ਨ੍ਹੀ ਹਾਸੇ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਮੇਰਾ ਪਿੰਡ

ਮੇਰਾ ਪਿੰਡ ਨਾ ਮੇਰੇ ਵਿੱਚੋਂ ਪਿੰਡ ਨਿੱਕਲੇ,
ਨਾ ਮੈਂ ਹੀ ਪਿੰਡ ਤੋਂ ਦੂਰ ਹੋਵਾਂ।
ਮੇਰੇ ਲਈ ਮੇਰਾ ਪਿੰਡ ਰੋਵੇ,
ਮੈਂ ਆਪਣੇ ਪਿੰਡ ਦੇ ਲਈ ਰੋਵਾਂ।
ਇੱਕ ਬੋਹੜ ਦੀ ਠੰਡੀ ਛਾਂ ਥੱਲੇ,
ਅਸੀਂ ਕੱਟਦੇ ਸਿਖਰ ਦੁਪਹਿਰਾਂ ਸੀ।
ਨਾ ਅੱਜ ਦੇ ਪਾਣੀ ਵਾਂਗ ਉਦੋਂ,
ਪਾਣੀ ਵਿੱਚ ਘੁੱਲ਼ੀਆਂ ਜ਼ਹਿਰਾਂ ਸੀ।
ਚਿੱਤ ਅੱਜ ਵੀ ਮੇਰਾ ਕਰਦਾ ਏ,
ਪੰਡ ਸਿਰ ਤੇ ਪੱਠਿਆਂ ਦੀ ਢੋਵਾਂ।
ਮੇਰੇ ਲਈ---।
ਉਦੋਂ ਖੁੱਲੀਆਂ ਬਹੁਤ ਚਰਾਂਦਾਂ ਸੀ,
ਮੈਂ ਵੱਗ ਮੱਝੀਆਂ ਦਾ ਚਾਰਦਾ ਸੀ।
ਮੈਂ ਕਾਗਜ ਦੀਆਂ ਬੇੜੀਆਂ ਨੂੰ,
ਖੜੇ ਪਾਣੀਆਂ ਦੇ ਵਿੱਚ ਤਾਰਦਾ ਸੀ।
ਮੇਰਾ ਜੇ ਕਿੱਧਰੇ ਵੱਸ ਚੱਲਜੇ,ਪਿੰਡ ਜਾ ਕੇ ਮੱਝਾਂ ਮੁੜ ਚੋਵਾਂ।
ਮੇਰੇ ਲਈ---।
ਮੇਰੇ ਪਿੰਡ ਦੇ ਚੜ੍ਹਦੇ ਪਾਸੇ ਵੱਲ੍ਹ,
ਇੱਕ ਚੱਲਦੀ ਖੱਡ ਬਰਸਾਤਾਂ ਨੂੰ।
ਅੱਜ ਵੀ ਮੈਂ ਚੇਤੇ ਕਰ ਲੈਨਾ,
ਬਚਪਨ ਵਿੱਚ ਸੁਣੀਆਂ ਬਾਤਾਂ ਨੂੰ।
ਗੱਲ ਮੁੜ-ਮੁੜ ਪਿੰਡ ਦੀ ਤੁਰਦੀ ਏ,
ਜਦ 'ਨਾਗਰੇ' ਸੰਗ ਬੈਠਾ ਹੋਵਾਂ।
ਮੇਰੇ ਲਈ---।

ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

# JK TYRE INC

## JK TYRE
TOTAL CONTROL

### KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

### JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

### Firestone FS591

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

### Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

### JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

### JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

### JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY (Feel the difference) · PIRELLI
MICHELIN (A better way forward) · BRIDGESTONE · Firestone · YOKOHAMA
PEARLY · NAMA · TOYO TIRES (driven to perform) · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

# ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


SANJHI SOCH TV & DAILY NEWSPAPER
TO EXPAND YOUR BUSINESS
IN INDIAN COMMUNITY
Through Newspaper & T.V,
Advertise with us just as
low as $100 PER MONTH.
Call +1 (209) 303-1260
ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ
ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ
ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ
www.sanjhisoch.com
Sanjhi Soch TV NRI


ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ
ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ
ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।
ਸੰਪਰਕ: +1 (209) 303-1260